# ਇਕ ਹੋਰ ਗ਼ਦਰ

ਮਲਵਿੰਦਰ ਜੀਤ ਸਿੰਘ ਵੜੈਚ*

'ਹਜ਼ਾਰਾਂ ਹਿੰਦੁਸ਼ਤਾਨੀਆਂ, ਜਿਨ੍ਹਾਂ ਵਿਚ ਵਧੇਰੇ ਅਮਰੀਕਾ ਵਿਚ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਆਬਾਦ ਹੋਏ ਸਿਖਾਂ ਨੇ, ਗ਼ੁਲਾਮੀ ਦੇ ਖਿਲਾਫ਼ 'ਐਲਾਨ-ਏ-ਜੰਗ' ਦਾ ਬਿਗਲ ਵਜਾ ਦਿੱਤਾ; ਉਹ ਕਈ ਸਾਲਾਂ ਤੋਂ ਕਮਰ ਕੱਸ ਕਰ ਰਹੇ ਸਨ ਅਤੇ ਮਾਰਚ 1913 ਵਿਚ ਉਨ੍ਹਾਂ ਨੇ 'ਗ਼ਦਰ ਪਾਰਟੀ' ਬਣਾਈ ਜਿਸ ਦਾ ਐਲਾਨਿਆ ਟੀਚਾ ਸੀ ਕਿ ਐਨ ਸਹੀ ਮੌਕੇ ਤੇ ਭਾਰਤ ਵਿਚ 1857 ਵਰਗਾ ਗ਼ਦਰ ਦੋਹਰਾ ਦਿੱਤਾ ਜਾਵੇਗਾ।

ਲਓ ਜੀ! ਓਹ ਘੜੀ ਆ ਗਈ ਸੀ ਜਦ ਇੰਗਲੈਂਡ ਤੇ ਜਰਮਨੀ ਵਿਚਾਲੇ ਜੁਲਾਈ 1914 'ਚ ਲੜਾਈ ਛਿੜ ਗਈ ਤਾਂ ਪਾਰਟੀ ਨੇ ਸੋਚ ਲਿਆ ਕਿ ਹੁਨ ਬ੍ਰਿਟਿਸ਼ ਹਾਕਮਾਂ ਨੂੰ ਘੇਰਿਆ ਜਾ ਸਕਦਾ ਹੈ। ਤਦਅਨੁਸਾਰ ਪਾਰਟੀ ਦੇ ਹਫ਼ਤਾਵਾਰ ਅਖ਼ਬਾਰ 'ਗ਼ਦਰ' ਦੇ 4 ਅਗਸਤ, 1914 ਦੇ ਅੰਕ ਵਿਚ *ਐਲਾਨ-ਏ-ਜੰਗ* ਨੂੰ ਪ੍ਰਕਾਸ਼ਿਤ ਕਰਕੇ ਜੰਗ ਦਾ ਬਿਗਲ ਵਜਾ ਦਿੱਤਾ। ਹਜ਼ਾਰਾਂ ਲੋਕਾਂ ਨੇ ਤੁਰੰਤ ਭਾਰਤ ਪਰਤ ਕੇ 'ਕਰੋ ਅਤੇ ਮਰੋ' ਦੀ ਜੰਗੀ ਵੰਗਾਰ ਦਾ ਭਰਵਾਂ ਹੁੰਗਾਰਾ ਦਿੱਤਾ। ਮਾਤ ਭੂਮੀ ਦੇ ਪਿਆਰ ਹਿਤ ਆਪਣੀ ਕੜੀ ਮਿਹਨਤ ਨਾਲ ਕਮਾਈ ਹੋਈ ਡਾਲਰਾਂ ਦੀ ਪੂੰਜੀ ਦਾ ਮੋਹ ਹੁਣ ਆਪਣੀ ਚਮਕ ਗੁਆ ਬੈਠਾ ਸੀ। ਇਹ "ਜੰਗ ਦੀ ਘੋਸ਼ਣਾ" ਕਿਸੇ "ਕਾਗ਼ਜ਼ੀ ਸ਼ੇਰ" ਦਾ ਕੰਮ ਨਹੀਂ ਸੀ। ਇਹ ਦੀ ਗੂੰਜ ਹੋਰ ਕਿਤੋਂ ਨਹੀਂ, ਬਲਕਿ ਸਿੱਧੇ ਤੌਰ ਤੇ, ਉਸ ਟ੍ਰਿਬਿਓਨਲ ਤੋਂ ਆਈ ਸੀ ਜੋ ਕਿ ਲਾਹੌਰ ਸਾਜਿਸ਼ ਕੇਸਾਂ ਵਿਚ 1915-16 ਵੇਲੇ ਗ਼ਦਰੀਆਂ ਦੇ ਖਿਲਾਫ਼ ਮੁਕੱਦਮੇ ਵਾਲੀ ਅਦਾਲਤ ਸੀ। ਜਿਸ ਅਨੁਸਾਰ ਗ਼ਦਰ ਪਾਰਟੀ ਲਹਿਰ ਇੱਕ ਕਰੜਾ ਟਾਕਰਾ ਕਰਨ ਵਾਲੀ ਜੱਥੇਬੰਦੀ ਬਣ ਚੁਕੀ ਸੀ ਜਿਸ ਨੇ ਜੰਗ ਛਿੜਨ ਉਪਰੰਤ ਬਗ਼ਾਵਤ ਪੈਦਾ ਕਰਕੇ ਲੋਕਾਂ ਵਿਚ ਭਾਰਤ ਜਾਣ ਦਾ ਨਿਸ਼ਚਾ ਪੈਦਾ ਕਰਵਾਇਆ।

**ਨਿਰਾਸ਼ਾ ਤੋਂ ਐਲਾਨ-ਏ-ਜੰਗ**

ਅਮਰੀਕੀ ਮਹਾਦੀਪ ਵਿਚ ਆਬਾਦ ਹੋਏ ਹਿੰਦੁਸਤਾਨੀਆਂ ਨੂੰ ਪ੍ਰਵਾਸ ਦੌਰਾਨ ਬੇਇਜ਼ਤੀ ਤੋਂ ਇਲਾਵਾ ਬਹੁਤ ਸਾਰੇ ਕਸ਼ਟ ਅਤੇ ਦੁੱਖ ਝੇਲਣੇ ਪੈਂਦੇ ਸੀ। ਠੇਠ ਪੰਜਾਬੀ ਦੀਆਂ ਇਹਨਾਂ ਦੋ ਕਾਵਿ ਸਤਰਾਂ ਵਿਚ ਉਹਨਾਂ ਸਾਰਿਆਂ ਦੀ ਦਸ਼ਾ ਨੂੰ ਬਿਲਕੁਲ ਸਹੀ ਬਿਆਨਿਆ ਗਿਆ ਹੈ:

*"ਦੇਸ਼ ਪੈਣ ਧੱਕੇ, ਬਾਹਰ ਮਿਲੇ ਢੋਈ ਨਾ*
*ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ"*

ਇਹ ਰੂਹ ਕੰਬਾਊ ਰੁਦਨ ਅਤੇ ਸਵੈ-ਤਰਸ, ਇਕ ਲਾ ਮਿਸਾਲੀ ਕਾਇਆਕਲਪ ਤਹਿਤ 'ਜੰਗ' ਦੇ ਹੁੰਗਾਰੇ ਵਿਚ ਵੱਟ ਗਿਆ:

*"ਚਲੋ ਚਲੀਏ ਦੇਸ਼ ਨੂੰ ਯੁੱਧ ਕਰਨ,*
*ਇਹੋ ਬਚਨ ਤੇ ਫ਼ਰਮਾਨ ਹੋ ਗਏ"*

ਸਾਲ 1910 ਦੇ ਦੋ ਦਸਤਾਵੇਜ਼,ਜੋ ਕਿ ਮੂਲ ਰੂਪ ਵਿਚ ਇੱਕ ਦੂਜੇ ਤੋਂ ਬੇਜੋੜ ਹਨ, ਉਸ ਸਮੇਂ ਦੌਰਾਨ ਉੱਭਰ ਰਹੀ ਮਾਨਸਕਤਾ ਦੀ ਤਰਜਮਾਨੀ ਕਰਦੇ ਹਨ; ਭਾਵੇਂ ਕਿ ਉਸ ਸਦੀ ਦੀ ਸ਼ੁਰੂਆਤ ਵਿਚ, ਅਮਰੀਕੀ ਮਹਾਦੀਪ ਵਿਚ ਆਬਾਦ ਹੋਏ ਭਾਰਤਵਾਸੀਆਂ ਨੂੰ ਉੱਥੇ ਕਦਮ ਰੱਖਦਿਆਂ ਸਾਰ ਹੀ ਬੇਸ਼ੁਮਾਰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪ੍ਰੰਤੂ ਉਹਨਾਂ ਦੇ ਅਜ਼ਾਬ ਹੁਣ ਹੋਰ ਵੀ ਭਾਰੂ ਹੁੰਦੇ ਜਾ ਰਹੇ ਸਨ ਅਤੇ ਉਹਨਾਂ ਦਾ ਅਹਿਸਾਸ ਵੀ ਵਧੇਰੇ ਡੂੰਘਾ ਹੋਣ ਲੱਗ ਪਿਆ ਸੀ: ਹੋ ਸਕਦਾ ਹੈ ਕਿ ਅਜਿਹੇ ਭਾਵਾਂ ਦੇ ਪੈਦਾ ਹੋਣ ਦਾ ਕਾਰਨ ਕੇਨੇਡਾ ਵਿਚ ਨਵੇਂ ਪਰਵਾਸੀਆਂ ਦੇ ਪ੍ਰਵੇਸ਼ ਤੇ ਲੱਗੀ ਉਹ ਰੋਕ ਸੀ ਜਿਸ ਵਿਚ ਪੁਰਾਣੇ ਆਬਾਦ ਹੋਏ ਵਾਸੀਆਂ ਦੇ ਪਰਿਵਾਰ ਵੀ ਸ਼ਾਮਲ ਸਨ; ਜਿਸ ਨੇ ਇਨ੍ਹਾਂ ਨੇ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਨੁਹਾਰ ਦੇ ਦੁਖਾਂਤ ਦਾ ਸੰਕੇਤ ਦੇ ਦਿੱਤਾ ਸੀ। ਇਨ੍ਹਾਂ ਦੋਹਾਂ ਲਿਖਤਾਂ ਦੇ ਰੰਗ ਦੀਆ ਲਿਖਤਾਂ ਨੇ ਕੌਮੀ ਇੰਨਕਲਾਬ ਦੇ ਮੁੜ-ਸੁਰਜੀਤੀ ਕਾਲ ਦਾ ਆਗ਼ਾਜ਼ ਕਰਨਾ ਸੀ ਜੋ ਕਿ ਬਾਅਦ ਵਿਚ ਹਫ਼ਤਾਵਾਰ

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਪ੍ਰਕਾਸ਼ਨਾਂ ਜਿਵੇਂ 'ਗ਼ਦਰ ' ਅਤੇ 1913 ਵਿਚ ਗ਼ਦਰ ਪਾਰਟੀ ਰਸਮੀ ਤੌਰ ਤੇ ਹੋਂਦ ਵਿਚ ਆਉਣ ਉਪਰੰਤ ਇੰਨਕਲਾਬੀ ਕਾਵਿ ਲੜੀਆਂ '*ਗ਼ਦਰ –ਦੀ–ਗੂੰਜ*' ਤਹਿਤ ਸੰਸਥਾਗਤ ਰੂਪ ਇਖ਼ਤਿਆਰ ਕਰ ਗਿਆ।

ਇਸ ਪ੍ਰਕਾਰ ਦੀਆਂ ਲਿਖਤਾਂ ਦਾ ਦੂਹਰਾ ਮੰਤਵ ਸੀ–ਇਕ ਤਾਂ ਜਜ਼ਬਾਤ ਦਾ ਇਜ਼ਹਾਰ ਤੇ ਦੂਜਾ ਇਸ ਦੇ ਨਾਲ ਹੀ ਢੁਕਵੇਂ ਜਵਾਬੀ ਹੁਲਾਰੇ ਜੋ ਕਿ ਇਕ ਕੜੀ ਦੀ ਤਰ੍ਹਾਂ ਅੱਗੇ ਤੋਂ ਅੱਗੇ ਫਲਦੇ ਜਾਂਦੇ ਰਹੇ।

**ੳ. ਪਿੱਛਲ ਝਾਤ**

***ਇੰਗਲੈਂਡ ਵਿਚ ਹਲਚਲ: 1907***

ਸੱਚਮੁੱਚ ਹੀ ਇਹ ਹਾਲਾਤ ਦਾ ਆਲੌਕਿਕ ਸੁਮੇਲ ਸੀ ਕਿ ਇੰਗਲੈਂਡ ਵਿਚ ਵਸਦੇ ਹਿੰਦੁਸਤਾਨੀਆਂ ਦੁਆਰਾ 10 ਮਈ, 1857 ਨੂੰ ਇਕ ਯਾਦਗਾਰੀ ਦਿਨ ਵਜੋਂ ਮਨਾਉਣ ਦੀ ਰਵਾਇਤ ਜ਼ੋਰ ਫੜਦੀ ਗਈ ਜਿਸ ਨਾਲ ਭਾਰਤ ਵਿਚ ਬ੍ਰਿਟਿਸ਼ ਰਾਜ ਨੂੰ ਵੰਗਾਰਣ ਦੀ ਸ਼ੁਰੂਆਤ ਹੋ ਨਿਬੜੀ।

ਸੁਤੰਤਰਤਾ ਸੰਗ੍ਰਾਮ ਦੇ ਪਰਵਾਨਿਆਂ ਦੀ ਮਹਿਮਾ ਦਾ ਪ੍ਰਚਾਰ-ਪਾਸਾਰ ਕਰਨ ਦੇ ਇਸ ਰੁਝਾਨ ਦਾ ਭਗਤ ਸਿੰਘ ਦੁਆਰਾ ਵੀ ਬੜਾ ਹੀ ਭਾਵਪੂਰਤ ਜ਼ਿਕਰ ਕੀਤਾ ਗਿਆ ਹੈ।

ਸ਼ੁਰੂ ਵਿੱਚ ਇੰਗਲੈਂਡ ਅਤੇ ਫਿਰ ਕੇਨੇਡਾ, ਅਮਰੀਕਾ ਅਤੇ ਉਸ ਤੋਂ ਵੀ ਪਾਰ ਦੂਰ ਦੁਰਾਡੇ ਹੀ, ਬ੍ਰਿਟਿਸ਼ ਰਾਜ ਵਿਰੁੱਧ ਹੋਏ ਸੰਘਰਸ਼ਾਂ ਦੇ ਸੂਰਮਿਆਂ ਦੀ ਮਹਿਮਾ ਦੇ ਰੁਝਾਨ ਦਾ ਜਨਮ ਅਤੇ ਫ਼ੈਲਾਓ ਹੋਇਆ, ਪ੍ਰੰਤੂ ਭਾਰਤੀ ਧਰਤੀ ਤੇ ਇੰਜ ਹਾਲੇ ਤਕ ਨਹੀਂ ਸੀ ਪਸਰਿਆ।

ਭਗਤ ਸਿੰਘ ਬਿਆਨ ਕਰਦਾ ਹੈ, "1907 ਵਿਚ ਅੰਗ੍ਰੇਜ਼ਾਂ ਨੇ ਆਪਣੇ 1857 ਦੇ ਕਾਂਡ ਦੀ ਗੋਲਡਨ ਜੁਬਲੀ ਵਜੋਂ ਮਨਾਉਣ ਬਾਰੇ ਸੋਚਿਆ। 1857 ਦੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰਨ ਲਈ ਪ੍ਰਮੁੱਖ ਅੰਗ੍ਰੇਜ਼ੀ ਅਖਬਾਰਾਂ ਨੇ ਵਿਸ਼ੇਸ਼ ਅੰਕ ਕੱਢੇ ਜਿਨ੍ਹਾਂ ਵਿਚ ਮੰਨੇ ਪਰਮੰਨੇ ਅੰਗ੍ਰੇਜਾਂ ਦੇ ਲੇਖ ਸ਼ਾਮਲ ਸਨ। ਨਾਟਕ ਖੇਡੇ ਗਏ, ਭਾਸ਼ਨ ਦਿੱਤੇ ਗਏ, ਜਿਨ੍ਹਾਂ ਵਿਚ *ਗ਼ਦਰੀਆਂ* ਨੂੰ ਘਿਨੌਣੇ ਸ਼ੈਤਾਨਾਂ ਤੇ ਗੋਰਿਆਂ ਨੂੰ ਫਰਿਸਤਿਆਂ ਵੱਜੋਂ ਦਰਸਾਇਆ ਗਿਆ ਸੀ।

"1857 ਦੇ ਆਗੂਆਂ ਬਾਰੇ ਅਜੇਹੇ ਕੂੜੇ ਪ੍ਰਚਾਰ ਦੇ ਜਵਾਬੀ ਵਾਰ ਵੱਜੋਂ ਵੀਰ ਸਾਵਰਕਰ ਨੇ ਭਾਰਤੀ ਸੂਰਮਿਆਂ ਜਿਵੇਂ ਨਾਨਾ ਸਾਹਿਬ, ਮਹਾਰਾਣੀ ਝਾਂਸੀ, ਤਾਤਿਆ ਟੋਪੇ, ਕੁੰਵਰ ਸਿੰਘ ਅਤੇ ਮੌਲਵੀ ਅਹਿਮਦ ਸਾਹਿਬ ਦੀ ਸ਼ਾਨ ਵਿਚ ਪ੍ਰੋਗਰਾਮ ਆਯੋਜਿਤ ਕੀਤੇ ਤਾਂ ਜੋ ਸਹੀ ਰੂਪ–ਰੇਖਾ ਪੇਸ਼ ਹੋ ਸਕੇ। ਇਹ ਵਾਕਇਕ ਸਾਹਸ ਭਰਿਆ ਉਪਰਾਲਾ ਸੀ ਅਤੇ ਇਸ ਨੂੰ ਕਿਸੇ ਹੋਰ ਥਾਂ ਤੋਂ ਨਹੀਂ ਬਲਕਿ ਅੰਗ੍ਰਜ਼ੀ ਰਾਜਧਾਨੀ ਲੰਦਨ ਤੋਂ ਹੀ ਸ਼ੁਰੂ ਕੀਤਾ ਗਿਆ, ਕਿਉਂ ਜੋ ਇਕ ਸਾਧਾਰਨ ਅੰਗ੍ਰੇਜ਼ ਇਨ੍ਹਾਂ ਭਾਰਤੀ ਲੀਡਰਾਂ ਨੂੰ ਉਚੱਕੇ ਸਮਝਦਾ ਸੀ, ਭਾਵੇਂ ਕਿਸੇ ਵੀ ਨਾਮਵਰ ਭਾਰਤੀ ਲੀਡਰ ਨੇ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਦਾ ਹੌਂਸਲਾ ਨਾ ਕੀਤਾ, ਪਰ ਨੌਂਜਵਾਨ ਵਰਗ ਪੂਰੀ ਤਰ੍ਹਾਂ ਸਾਵਰਕਰ ਦੇ ਨਾਲ ਸੀ। ਇੰਡੀਆ ਹਾਊਸ (ਸਾਵਰਕਰ ਦੁਆਰਾ ਚਲਾਇਆ ਜਾਂਦਾ) ਵਿਖੇ ਉਹਨਾਂ ਦੀ ਯਾਦ ਵਿਚ ਇਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਵਰਤ ਰੱਖੇ ਗਏ ਅਤੇ ਸੌਂਹਾਂ ਖਾਧੀਆਂ ਗਈਆਂ ਕਿ ਇਕ ਪੂਰੇ ਹਫ਼ਤੇ ਕੋਈ ਵੀ ਵਿਲਾਸਤਾ ਦੀ ਸਮਗਰੀ ਨਹੀਂ ਵਰਤੀ ਜਾਵੇਗੀ। ਭਾਰਤ ਅਤੇ ਇੰਗਲੈਂਡ ਵਿਚ 'ਹੇ ਸ਼ਹੀਦੋ=' ਦੇ ਸਿਰਲੇਖ ਵਾਲੇ ਪਰਚੇ ਵੰਡੇ ਗਏ। ਓਕਸਫ਼ੋਰਡ, ਕੈਂਬਰੇਜ ਅਤੇ ਇੰਨਜ਼ ਕੋਰਟ ਵਿਚ ਪੜ੍ਹਦੇ ਭਾਰਤੀ ਵਿਦਾਰਥੀਆਂ ਨੇ ਆਪਣੀਆਂ ਛਾਤੀਆਂ ਤੇ "1857 *ਦੇ ਸ਼ਹੀਦਾ ਦੀ ਸ਼ਾਨ ਵਿਚ"* ਨਾਂ ਦੇ ਖੁਬਸੂਰਤ ਬਿੱਲੇ ਲਗਾਏ। ਇਨਾਂ ਘਟਨਾਵਾਂ ਦੇ ਬਾਅਦ ਬਜ਼ਾਰਾਂ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਕਾਫ਼ੀ ਤਨਾਓ ਪੈਦਾ ਹੋ ਗਿਆ। ਕਈ ਭਾਰਤੀ ਵਿਦਿਆਰਥੀਆਂ ਦਾ ਵਜ਼ੀਫ਼ਾ ਬੰਦ ਕਰ ਦਿੱਤਾ ਗਿਆ ਅਤੇ ਕਈਆਂ ਹੋਰਾਂ ਨੇ ਖੁਦ ਆਪੇ ਹੀ ਤਿਆਗ ਦਿੱਤੇ ਸੀ। ਕਾਫ਼ੀ ਸਾਰਿਆਂ ਨੂੰ ਮਾਪਿਆਂ ਵੱਲੋਂ ਵਾਪਸ ਭਾਰਤ ਬੁਲਾ ਲਿਆ ਗਿਆ। ਇੰਗਲੈਂਡ ਵਿਚ ਰਾਜਨੀਤਕ ਦ੍ਰਿਸ਼ ਵਿਸਫੋਟਕ ਬਣ ਗਿਆ ਜਿਸ ਦੇ ਨਤੀਜੇ ਵਜੋਂ ਭਾਰਤੀ ਸਰਕਾਰ ਔਖੀ ਅਤੇ ਪਰੇਸ਼ਾਨ ਹੋ ਗਈ।

ਇਨ੍ਹਾਂ ਸਾਰੀਆਂ ਘਟਨਾਵਾਂ ਦੀ ਕਨਸੋਅ ਬਹੁਤ ਦੂਰ–2 ਤੱਕ ਫੈਲ ਗਈ। ਭਾਰਤ ਤੋਂ ਬਾਹਰ ਜਿੱਥੇ ਵੀ ਇਹਨਾਂ ਘਟਨਾਵਾਂ ਦੀ ਖ਼ਬਰ ਪਹੁੰਚੀ, ਉੱਥੇ 10 ਮਈ ਦੇ ਦਿਹਾੜੇ ਨੂੰ ਪੂਰੇ ਜੋਸੋਖਰੋਸ਼ ਨਾਲ ਮਨਾਇਆ ਗਿਆ। ਲੋਕਾਂ ਨੂੰ ਇਸ ਗੱਲ ਤੇ ਬਹੁਤ ਤਾਅ ਚੜ੍ਹਿਆ ਕਿ

ਅੰਗ੍ਰਜਾਂ ਨੇ ਸਾਡੇ ਰਾਸ਼ਟਰੀ ਨਾਇਕਾਂ ਨੂੰ ਕੰਲਕਿਤ ਕੀਤਾ ਹੈ। ਉਹਨਾਂ ਨੇ ਹਾਕਮ ਵਰਗ ਦੁਆਰਾ ਆਪਣੇ ਲੀਡਰਾਂ ਦੀ ਘਿਨਾਉਣੀ ਰੂਪ-ਰੇਖਾ ਪੇਸ਼ ਕਰਨ ਦੇ ਵਿਰੋਧ ਵਿਚ ਅਤੇ ਉਹਨਾਂ ਨਾਇਕਾਂ ਦੇ ਸ਼ਾਨਾਮਤੇ ਕਾਰਨਾਮਿਆਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਹਰ ਸਾਲ 10 ਮਈ ਦਾ ਦਿਹਾੜਾ ਮਨਾਉਣਾ ਸ਼ੁਰੂ ਕਰ ਦਿੱਤਾ।

ਭਗਤ ਸਿੰਘ ਨ ਆਪਣ ਪ੍ਰਸੰਗਾਤਮਕ ਲੇਖ ਦੇ ਅੰਤ ਵਿਚ ਆਪਣੀ ਮਾਤ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਉਹਨਾਂ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸੈਂਕੜਿਆਂ ਹਜ਼ਾਰਾਂ ਭਾਰਤ ਵਾਸ਼ੀਆਂ ਦੇ ਪ੍ਰਤੀ ਫਰਜ਼ ਨੂੰ ਯਾਦ ਕਰਵਾਇਆ ਹੋਇਆ ਸੀ। ਆਪਣੇ ਦਿਲਾਂ ਅੰਦਰ ਝਾਂਤ ਮਾਰਨ ਅਤੇ ਭਾਰਤ ਦੇ ਸੱਚੇ ਸਪੂਤ ਹੋਣ ਪ੍ਰਤੀ ਆਪਣੀ ਜਿੰਮੇਵਾਰੀ ਬਾਰੇ ਆਤਮ ਚਿੰਤਨ ਕਰਨ ਲਈ ਪ੍ਰੇਰਿਆ ਸੀ।

ਜਿਸ ਤਰ੍ਹਾਂ ਕਿ ਉਪਰ ਜ਼ਿਕਰ ਆਇਆ ਹੈ ਕਿ 1857 ਦੀ ਕ੍ਰਾਂਤੀ ਨੂੰ ਦਬਾਉਣ ਵਿਚ ਸਫ਼ਲਤਾ ਨੂੰ ਵਡਿਆਉਣ ਅਤੇ ਭਾਰਤੀ ਲੀਡਰਾਂ ਤ ਕਾਲਖ ਪੋਚਣ ਦੀ ਹਾਕਮਾਂ ਦੀ ਕੋਸ਼ਿਸ਼ ਕਾਰਨ ਹੀ 1907 ਵਿਚ, ਇਸ ਘਟਨਾ ਦੇ 50 ਸਾਲ ਬਾਅਦ, ਸਾਵਰਕਰ ਵਰਗੇ ਸੁਚੇਤ ਭਾਰਤੀ ਨੂੰ ਇਸ ਦੇ ਪੂਰਨ ਉਲਟ ਉਦਮ ਦਾ ਹੁਲਾਰਾ ਮਿਲਿਆ ਜਿਸ ਦੇ ਆਪ ਮੁਹਾਰੇ ਹੁੰਗਾਰੇ ਵੱਜੋਂ ਅੰਦੋਲਨਾਂ ਦਾ ਘਟਨਾਕ੍ਰਮ ਤੁਰ ਪਿਆ। 1857 ਦੇ ਹੱਕ ਅਤੇ ਖਿਲਾਫ਼ ਦੀਆਂ ਰਾਵਾਂ ਇਸ ਮੁੱਦੇ ਤੇ ਦੋ ਧਾਰਾਵਾਂ ਵਿਚ ਵੰਡ ਗਈਆਂ। ਇਸ ਪਾੜੇ ਦੇ ਵਿਸਥਾਰ ਅਤੇ ਸ਼ਿਦੱਤ ਤਹਿਤ ਪ੍ਰਸ਼ਿੱਧ ਭਾਰਤੀ ਕ੍ਰਾਂਤੀਕਾਰੀ ਸ੍ਰੀ ਸ਼ਾਮਜੀ ਕ੍ਰਿਸ਼ਨ ਵਰਮਾ ਦੁਆਰਾ ਸੰਪਾਦਿਤ, ਪੇਰਿਸ ਤੋਂ ਪ੍ਰਕਾਸ਼ਿਤ, ਇੰਡੀਅਨ ਸੋਸ਼ਿਓਲੋਜਿਸਟ ਵਿਚ ਛੱਪੀ ਸਮਗਰੀ ਤੋਂ ਜ਼ਾਹਿਰ ਹੁੰਦੈ; ਜੁਲਾਈ 1909 ਦੇ ਅੰਕ ਵਿਚ ਢੀਂਗਰਾ ਦੇ ਮੁਕੱਦਮੇ ਵਿਚ ਇਸਤਗਾਸਾ ਪੱਖ ਦੁਆਰਾ ਇਸ ਗੱਲ ਨੂੰ ਸਾਬਤ ਕਰਨਾ ਕਿ ਅੰਗ੍ਰਜ਼ ਦੀ ਹਤਿਆ ਕੋਈ ਇਤਫਾਕਣ ਵਾਕਿਆ ਨਹੀਂ ਸੀ ਬਲਕਿ ਇੰਡੀਅਨ ਸੋਸ਼ਿਓਲੋਜਿਸਟ ਅਤੇ ਹੋਰ ਅਜਿਹੇ ਪ੍ਰਕਾਸ਼ਨਾ ਵਜੋਂ ਪ੍ਰਸਾਰਿਤ ਇਕ ਖ਼ਾਸ ਨਜ਼ਰੀਏ ਦਾ ਨਤੀਜਾ ਸੀ।

***ਅ) ਹਿੰਦੁਸਤਾਨੀ ਐਸੋਸੀਏਸ਼ਨ ਆਫ ਵੈਨਕੂਵਰ (ਕੇਨੇਡਾ) ਦੀ ਰੂਪ-ਰੇਖਾ***

(ਸੰਦਰ ਸਿੰਘ, ਸਕੱਤਰ ਦੇ ਦਸਤਖ਼ਤ ਹੇਠ 28.10.1910 ਨੂੰ ਜਾਰੀ ਕੀਤਾ ਗਿਆ)

(ਹਿੰਦੁਸਤਾਨੀ ਐਸੋਸੀਏਸ਼ਨ ਦਾ ਨਾਂਕਰਨ ਅਤੇ ਇਸ ਦਸਤਾਵੇਜ਼ ਵਿਚ ਉਲੀਕਿਆ ਢਾਂਚਾ ਗ਼ਦਰ ਪਾਰਟੀ ਦੇ ਨਮੂਨੇ ਵਜੋ ਓਭਰਿਆ ਜੋ ਕਿ ਮਾਰਚ 1913 ਨੂੰ ਪੋਰਟਲੈਂਡ, ਯੂ.ਐਸ.ਏ. ਵਿਖੇ "ਹਿੰਦੀ ਐਸੋਸੀਏਸ਼ਨ ਆਫ ਪੇਸਿਫ਼ਿਕ ਕੋਸਟ" ਦੇ ਰੂਪ ਵਿਚ ਰਸਮੀ ਤੋਰ ਤੇ ਹੋਂਦ ਵਿਚ ਆਇਆ।

ਇਸ ਇਤਿਹਾਸਕ ਦਸਤਾਵੇਜ਼ ਦੇ ਕੁਝ ਅੰਸ਼, ਜੋ ਕਿ ਮੂਲ ਦਸਤਾਵੇਜ਼ ਵਿਚੋਂ ਹੀ ਮੁੜ ਪੇਸ਼ ਕੀਤੇ ਗਏ ਸਨ, ਨੇ ਬ੍ਰਿਟਿਸ਼ ਰਾਜ ਦੇ ਸਬ ਤੋਂ ਉਂਚੇ ਗਲਿਆਰਿਆਂ ਭਾਵ ਲੰਦਨ ਵਿਖੇ ਭਾਰਤੀ ਦਫਤਰ ਵਿਚ ਖ਼ਤਰੇ ਦੀ ਘੰਟੀ ਵਜਾ ਦਿੱਤੀ।

*ਨਾਮ*

ਇਸ ਸੰਗਠਨ ਨੂੰ ਹਿੰਦੁਸਤਾਨੀ ਐਸੋਸੀਏਸ਼ਨ ਆਖਿਆ ਜਾਵੇਗਾ।

*ਮੰਤਵ*

ਦੁਨੀਆਂ ਦੇ ਹੋਰਨਾ ਦੇਸ਼ਾਂ ਨਾਲ ਭਾਰਤ ਦੇਸ਼ ਦੇ ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਸੰਬੰਧ ਸਥਾਪਤ ਕਰਨਾ।

*ਮੈਂਬਰਾਨ*

ਹਰੇਕ ਹਿੰਦੁਸਤਾਨੀ ਜਨਮ ਅਧਿਕਾਰ ਵਜੋ ਹੇਠ ਲਿਖੀਆਂ ਸ਼ਰਤਾ ਤੇ ਇਸ ਸੰਗਠਨ ਦਾ ਮੈਂਬਰ ਬਣਨ ਦਾ ਹਕਦਾਰ ਹੈ:-

੧) ਉਸ ਦੁਆਰਾ ਇਕ ਬਿਨੈ ਪੱਤਰ ਤੇ ਦਸਤਖ਼ਤ ਕਰਨਾ ਲਾਜ਼ਮੀ ਹੋਵੇਗਾ ਕਿ ਉਹ ਆਪਣੀ ਪੂਰਨ ਸਮਰੱਥਾ ਅਨੁਸਾਰ ਸੰਗਠਨ ਦੇ ਮੰਤਵ ਨੂੰ ਪੂਰਾ ਕਰੇਗਾ।

੨) ਕਿ ਉਹ ਆਪਣੇ ਲਈ ਜਾਤ, ਰੰਗ ਅਤੇ ਧਰਮ ਦੇ ਪੱਖਪਾਤ ਨੂੰ ਖ਼ੁਦ ਖ਼ਤਮ ਕਰ ਦੇਵੇਗਾ।

*ਪ੍ਰਬੰਧਕੀ ਕਮੇਟੀ ਅਤੇ ਅਧਿਕਾਰੀ*

ਪ੍ਰਬੰਧਕੀ ਕਮੇਟੀ ਦੀ ਚੋਣ ਆਮ ਸਭਾ ਵਿਚ ਮਤਦਾਨ ਜਾਂ ਵੋਟ ਦੁਆਰਾ ਕੀਤੀ ਜਾਵੇਗੀ। ਫਿਰ ਇਹ ਕਮੇਟੀ ਦੂਜੇ ਅਧਿਕਾਰੀਆਂ ਦੀ ਚੋਣ ਕਰੇਗੀ।

*ਮੀਟਿੰਗਾਂ*

ਹਰ ਹਫ਼ਤੇ ਆਮ ਸਭਾਵਾਂ ਕਰਕੇ ਐਸੋਸੀਏਸ਼ਨ ਦੇ ਉਦੇਸ਼ਾ ਨੂੰ ਪ੍ਰਫ਼ੁੱਲਤ ਕੀਤਾ ਜਾਵੇਗਾ।

ਇਹ ਗ਼ੌਰਤਲਬ ਹੈ ਕਿ ਹਿੰਦੁਸਤਾਨੀ ਐਸੋਸੀਏਸ਼ਨ (ਬਾਅਦ ਵਿਚ ਹਿੰਦੀ ਐਸੋਸੀਏਸ਼ਨ) ਵਰਗੇ ਮਾਸੂਮ ਦਿੱਖ ਜਿਹੇ ਨਾਮ ਵਾਲਾ ਸੰਗਠਨ ਬਤੌਰ ਇਨਕਲਾਬੀ ਜੱਥੇਬੰਦੀ ਦਾ ਦਰਜਾ ਹਾਸਿਲ ਕਰਨ ਜਾ ਰਿਹਾ ਸੀ।

ਫਿਰ ਮੈਂਬਰਸਿਪ ਦਾ ਮਾਪਦੰਡ ਅਤੇ ਫ਼ਰਾਇਜ਼ ਇਕ ਸੱਚੀ ਰਾਸ਼ਟਰੀ ਪਹਿਚਾਨ ਦਾ ਪ੍ਰਤੀਕ ਸਨ ਜੋ ਕਿ ਜਾਤ, ਧਰਮ ਅਤੇ ਰੰਗ ਦੀਆਂ ਬੰਦਸ਼ਾ ਤੋਂ ਉੱਪਰ ਉੱਠ ਕੇ ਸੀ।

ਅੰਤ ਵਿਚ ਇਹ ਸੰਗਠਨ ਸੱਚੇ ਰੂਪ ਵਿਚ ਜਮੂਹਰੀ ਸੀ ਅਤੇ ਸ਼ਕਤੀ ਅਤੇ ਅਧਿਕਾਰ ਹੇਠਲੇ ਪੱਧਰ ਤੋਂ ਉਪਰ ਵੱਲ ਜਾਂਦੇ ਸੀ।[3]

**ਮੰਥਨ ਦਾ ਦ੍ਰਿਸ਼**

ਅਮਰੀਕਾ ਅਤੇ ਕੇਨੇਡਾ ਦੋਹਾਂ ਵਿਚ ਭੌਂ ਦਾ ਇਕ ਬਹੁਤ ਵੱਡਾ ਟੁਕੜਾ, ਖ਼ਾਸਤੌਰ ਤੇ ਕੇਨੇਡਾ ਵਿਚ, ਅਜਿਹਾ ਹੈ ਜੋ ਕਿ ਆਬਾਦ ਹੋਣ ਦੇ ਨਾਕਾਬਲ ਹੈ। ਬਾਕੀ ਦੀ ਜਗ੍ਹਾ ਵਿਚ ਦੋਹਾਂ ਮੁਲਕਾਂ ਵਿਚ ਉੱਪਰ ਤੋਂ ਲੈ ਕੇ ਥੱਲੇ ਤਕ ਅਤੇ ਸੱਜੇ ਤੋਂ ਖੱਬੇ ਤੱਕ ਉਦਯੋਗਿਕ ਕੇਂਦਰ ਫੈਲੇ ਹੋਏ ਹਨ। ਜਿੱਥੇ ਤੱਕ ਉਦਯੋਗ ਦਾ ਸਬੰਧ ਹੈ, ਭਾਰਤੀ ਪ੍ਰਵਾਸੀ ਜਿਆਦਾਤਰ ਪੇਂਡੂ ਅੱਧ-ਪੜ੍ਹੇ ਲਿਖੇ ਹਨ ਜਿਹਨਾਂ ਵਿਚ ਸਾਬਕਾ ਫੌਜ਼ੀਆਂ ਦੀ ਵੱਡੀ ਗਿਣਤੀ ਸ਼ਾਮਲ ਹੈ ਅਤੇ ਜਿਹਨਾਂ ਨੂੰ ਅਣਜਾਣੇ ਥਾਵਾਂ ਅਤੇ ਦੇਸ਼ਾਂ ਦਾ ਤਜਰਬਾ ਹੈ, ਉਹਨਾਂ ਦੀ ਖਿੱਚ ਕੁਦਰਤੀ ਤੌਰ ਤੇ ਉਦਯੋਗ ਵੱਲ ਨਹੀਂ ਹੁੰਦੀ ਸੀ।

ਉਹਨਾਂ ਦੀ ਕੁਦਰਤੀ ਖ਼ਸਲਤ ਸਬ ਤੋਂ ਪਹਿਲਾਂ ਅਜਿਹੀਆ ਥਾਵਾਂ ਤੇ ਜਾਣ ਦੀ ਸੀ ਜਿੱਥੇ ਮੌਸਮ ਖ਼ੁਸ਼ਗਵਾਰ ਹੋਵੇ। ਦਰਅਸਲ ਉਨ੍ਹਾਂ ਵਿਚੋਂ ਲਗਭਗ ਸਾਰੇ ਹੀ ਪੂਰਬੀ ਏਸ਼ੀਆ ਵੱਲੋਂ ਸਫ਼ਰ ਕਰਦੇ ਹੋਏ ਅਤੇ ਪ੍ਰਸ਼ਾਂਤ ਮਹਾਸਾਗਰ ਵਿਚੋਂ ਲੰਘਦੇ ਹੋਏ ਅਮਰੀਕੀ ਮਹਾਦੀਪ ਦੇ ਪੱਛਮੀ ਤਟ ਤੇ ਆ ਪਹੁੰਚੇ ਸੀ।

ਸ਼ੁਰੂ ਵਿਚ ਲਗਭਗ ਸਾਰੇ ਹੀ ਸਾਮਰਾਜੀ ਲਿੰਕ ਕਾਰਨ ਕੇਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਆ ਪਹੁੰਚੇ ਸੀ ਕਿਉਂਕਿ ਇਹ ਸੂਬਾ ਸਾਮਰਾਜ ਦੀ ਹੁਕਮਰਾਨੀ ਵਿਚ ਹੀ ਸੀ (ਡੋਮੀਨਿਅਨ) ਪਰ 1908 ਜਾਂ ਇਸ ਤੋਂ ਬਾਅਦ ਵਿਚ ਰੁਝਾਨ ਅਮਰੀਕਾ ਦੇ ਹਕ ਵਿਚ ਬਦਲਿਆ ਜਿਸ ਦੇ ਕਾਰਨ ਓਪਰ ਦਸੀਆਂ ਪਾਬੰਦੀਆਂ ਅਤੇ ਉਸ ਦੇਸ ਦੇ ਦੱਖਣ ਵਲ ਮੁਕਾਬਲਤਨ ਵਧ ਤਨਖਾਹਾਂ ਦਾ ਮਿਲਣਾ ਸੀ।ਇਸ ਤੋ ਬਿਨਾਂ ਅਮਰੀਕਾ ਵਿਚ ਵੀ ਪੱਛਮੀ ਤਟ ਵਰਗੇ ਮੌਸਮ ਦੇ ਆਦੀ ਹੋਣ ਕਰਕੇ, ਉਸ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਸੀ। ਇਸ ਪ੍ਰਕਾਰ ਕੈਲੋਰਨੀਆ ਰਾਜ ਦੇ ਦੁਆਲੇ ਸੈਨ ਫ੍ਰਾਂਸਿਸਕੋ ਅਤੇ ਲਾਗੇ ਦੇ ਔਰੇਗਨ ਅਤੇ ਵਾਸ਼ੀਂਗਟਨ ਦੇ ਸੂਬ, ਸੇਂਟ ਜੋਨ ਪੋਰਟਲੈਂਡ, ਸੀਏਟਲ, ਐਸਟੋਰਿਆ ਅਜਿਹੇ ਸਨ ਜਿਨਾਂ ਨੂੰ ਭਾਰਤੀਆਂ ਦੁਆਰਾ ਤਰਜੀਹ ਦਿੱਤੀ ਜਾਂਦੀ ਸੀ।

ਬਤੌਰ ਪਿਛੋਕੜ ਉਹਨਾਂ ਵਿਚੋਂ 80 ਫ਼ੀਸਦੀ ਲਾਹੌਰ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ ਅਤੇ ਜੰਲਧਰ ਦੇ ਸੂਬਿਆਂ ਦੇ ਪੰਜਾਬੀ ਸਿੱਖ ਸਨ। 1947 ਤੱਕ ਇਹ ਇਲਾਕਾ ਕੇਂਦਰੀ ਪੰਜਾਬ ਅਖਵਾਉਂਦਾ ਸੀ। ਉਹ ਨਵੀਆਂ ਰੇਲ ਲਾਈਨਾਂ ਵਛਾਉਣ, ਆਰਾ ਮਿਲਾਂ ਅਤੇ ਜੰਗਲੀ ਜਮੀਨ ਨੂੰ ਵਰਤਣ ਯੋਗ ਬਣਾਉਣ ਦੇ ਕੰਮ ਵਿਚ ਮੁਲਾਜ਼ਮਤ ਕਰਦੇ ਸਨ। ਇਸ ਦੌਰਾਨ ਇੰਗਲੈਂਡ ਵਿਚ ਪੜ੍ਹਾਈ ਦੇ ਭਾਰੀ ਖਰਚੇ ਨੂੰ ਝੇਲ ਨਾ ਸਕੇ ਕੁਝ ਭਾਰਤੀ ਵਿਦਿਆਰਥੀ ਅਮਰੀਕਾ ਵੱਲ ਆਕ੍ਰਸ਼ਿਤ ਹੋਏ, ਜਿੱਥੇ ਕਿ ਪਾਰਟ ਟਾਈਮ ਜਾਂ

ਮੌਸਮੀ ਰੋਜਗਾਰ ਦੀ ਗੁੰਜਾਇਸ਼ ਸੀ। ਇਨ੍ਹਾਂ ਵਿਚੋਂ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਦੇ ਕਰਤਾਰ ਸਿੰਘ ਅਤੇ ਪੂਨਾ ਦੇ ਵਿਸ਼ਨੂੰ ਗਨੇਸ਼ ਪਿੰਗਲੇ ਨੇ ਅਜ਼ਾਦੀ ਦੇ ਸੰਘਰਸ਼ ਦੀ ਗਾਥਾ ਵਿਚ ਮਹਾਨ ਰੋਲ ਅਦਾ ਕੀਤਾ ਅਤੇ ਅੰਤ ਸੈਂਟਰਲ ਜੇਲ ਲਾਹੌਰ ਵਿਖੇ 16 ਨਵੰਬਰ, 1915 ਨੂੰ ਅਜ਼ਾਦੀ ਦੀ ਖ਼ਾਤਰ ਸ਼ਹਾਦਤ ਪਾਈ।

ਪ੍ਰੋਫੇਸ਼ਰ ਜਗਜੀਤ ਸਿੰਘ, ਜੋ ਕਿ ਇਸ ਲਹਿਰ ਬਾਰੇ ਸਬ ਤੋ ਪਹਿਲੇ ਪ੍ਰਕਾਸ਼ਨ ਦੇ ਲੇਖਕ ਹਨ, ਦੇ ਅਨੁਸਾਰ ਪੇਸਿਫ਼ਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਬਾਬਾ ਵਿਸਾਖਾ ਸਿੰਘ (ਦਦੇਹਾਰ-ਅੰਮ੍ਰਿਤਸਰ ਤੋਂ) ਅਤੇ ਬਾਬਾ ਜਵਾਲਾ ਸਿੰਘ (ਠਠ੍ਹੀਆਂ ਅੰਮ੍ਰਿਤਸਰ ਤੋਂ) ਦੀ ਪਹਿਲਕਦਮੀ ਨਾਲ ਸਟੋਕਟਨ ਵਿਖੇ ਉਨਾਂ ਦੇ ਵਿਸ਼ਾਲ ਆਲੂਆਂ ਦੇ ਫ਼ਾਰਮ ਤੇ ਸਥਾਪਿਤ ਕੀਤੀ ਗਈ। ਉਹਨਾਂ ਨੂੰ "ਆਲੂਆਂ ਦੇ ਰਾਜੇ" ਕਿਹਾ ਜਾਂਦਾ ਸੀ। ਇਸ ਪ੍ਰਸਿੱਧ ਗੁਰੂਦੁਆਰੇ ਵੱਲੋ ਭਾਰਤੀ ਭਾਈਚਾਰੇ ਨੂੰ ਦਿੱਤੀਆਂ ਜਾਣ ਵਾਲੀਆਂ ਸਮਾਜਕ ਸਭਿਆਚਾਰਕ ਸੇਵਾਵਾਂ ਵਿੱਚ ਵਿਦਿਆਰਥੀਆਂ ਲਈ ਇਕ ਪ੍ਰਕਾਰ ਦਾ ਕੰਮ ਦਾ ਕੇਂਦਰ ਵੀ ਸੀ। ਇਹ ਗੁਰਦੁਆਰਾ ਭਵਿੱਖ ਵਿਚ ਹੋਣ ਵਾਲੇ ਵਿਦਰੋਹ ਦਾ ਜਨਮ ਅਸਥਾਨ ਬਣਿਆ।[3] ਵਿਦਿਆਰਥੀਆਂ ਅਤੇ ਆਮ ਭਾਰਤੀ ਪ੍ਰਵਾਸੀਆਂ ਵਿਚਕਾਰ ਸਮਾਜੀ ਨੇੜਤਾ ਇਸ ਲਹਿਰ ਵਿਚ ਇਕ ਸੰਯੋਜਿਤ ਕਾਰਕ ਦੇ ਰੂਪ ਵਿਚ ਉੱਭਰੀ।[4]

ਇਸ ਲਹਿਰ ਵਿਚ ਇਕ ਅਹਿਮ ਹਿੱਸਾ ਜਲਾਵਤਨ ਬਾਗ਼ੀ ਬੁੱਧੀਜੀਵੀਆਂ ਦਾ ਸੀ ਜਿਨ੍ਹਾਂ ਵਿਚ ਲਾਲਾ ਹਰਦਿਆਲ ਦਾ ਨਾਂ ਪ੍ਰਮੁੱਖ ਸੀ ਜੋ ਕਿ ਬਾਅਦ ਵਿਚ ਪਾਰਟੀ ਦੇ ਸਕੱਤਰ ਬਣੇ, ਪ੍ਰੋਫੇਸ਼ਰ ਤੇਜਾ ਸਿੰਘ (ਬਾਅਦ ਵਿਚ ਮਸਤੂਆਣਾ ਦੇ ਸੰਤ ਤੇਜਾ ਸਿੰਘ) ਭਾਈ ਪਰਮਾਨੰਦ (ਲਾਹੌਰ), ਸ੍ਰੀ ਤਰਕ ਨਾਥ ਦਾਸ (ਬੰਗਾਲ) ਅਤੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਸ਼ਾਮਲ ਸਨ।

ਇਹ ਇਕ ਅਨੋਖਾ ਸੰਗਮ ਸੀ ਜਿਸ ਵਿਚ ਦਿਮਾਗ, ਸਰੀਰਕ ਤਾਕਤ ਅਤੇ ਜਵਾਨੀ ਦੀ ਤਜਰਬੇ ਨਾਲ ਅਜਿਹੀ ਸਾਂਝ ਹੋਈ ਕਿ ਵੱਖ ਵੱਖ ਸਮਾਜੀ ਹਿੱਸੇ ਆਪਸ 'ਚ ਇੰਝ ਜੁੜ ਗਏ ਸਨ ਜਿਵੇਂ ਕਿ ਵਿਰਲੇ ਹੀ ਇਕ ਦੂਜੇ ਨਾਲ ਜੁੜਦੇ ਹਨ।

**ਗ਼ਦਰ ਪਾਰਟੀ ਬਾਰੇ ਸੰਖੇਪ ਜਾਣਕਾਰੀ**

ਇਹ ਸਾਕਾ ਇਨਾਂ ਬਹਾਦਰ ਆਦਮੀਆਂ ਦਾ ਹੈ ਜੋ ਕਿ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਦੇ ਚਾਣਨ ਮੁਨਾਰੇ ਹਨ।

ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਸੋਹਨ ਸਿੰਘ ਭਕਨਾ, ਜਿਨ੍ਹਾਂ ਨੂੰ ਸ਼ਰਧਾ ਨਾਲ "ਬਾਬਾ" ਆਖਿਆ ਜਾਂਦਾ ਹੈ, ਲਾਹੌਰ ਸਾਜਿਸ ਕੇਸ ਦੇ ਦੋਸ਼ੀ ਨੰ: 74, ਨੇ ਆਪਣੇ ਜੱਦੀ ਪਿੰਡ ਭਾਕਨਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਈ 1966 ਨੂੰ ਗ਼ਦਰ ਪਾਰਟੀ ਦੀ ਯਾਦ ਵਿਚ ਇਕ ਤੱਖ਼ਤੀ ਲਗਵਾਈ। ਉਨਾਂ ਦਾ ਇੰਤਕਾਲ 99 ਸਾਲ ਦੀ ਉਮਰ ਵਿਚ ਦਸੰਬਰ 1968 ਨੂੰ ਹੋਇਆ।ਤੱਖ਼ਤੀ ਤੇ ਪੰਜਾਬੀ (ਗੁਰਮੁਖੀ ਲਿਪੀ) ਵਿਚ ਲਿਖਿਆ ਗਿਆ ਅਤੇ ਇਸ ਦਾ ਅੰਗ੍ਰਜ਼ੀ ਅਨੁਵਾਦ ਹੇਠ ਲਿਖੇ ਅਨੁਸਾਰ ਹੈ:

ਸਾਡੇ ਦੇਸ਼ ਦੀ ਕਿਸ ਪਾਰਟੀ ਨੇ<br>
ਅਜ਼ਾਦੀ ਅਤੇ ਬਰਾਬਰੀ ਦੀ ਲੋਅ ਜਗਾਈ?<br>
ਗ਼ਦਰ ਪਾਰਟੀ<br>
ਜੋ ਕਿ ਭਾਰਤੀ ਕਾਮਿਆਂ<br>
ਜਲਾਵਤਨ ਦੇਸ਼ ਭਗਤਾਂ<br>
ਅਤੇ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ<br>
ਦੇ ਮੁਸ਼ਤਰਕਾ ਉਪਰਾਲਿਆਂ ਨਾਲ<br>
ਅਮਰੀਕਾ<br>
ਵਿਚ<br>
ਮਾਰਚ 1913<br>
ਨੂੰ ਹੋਂਦ ਵਿਚ ਆਈ।<br>
ਜਿੱਥੇਭਾਰੀ ਗਿਣਤੀ ਵਿਚ ਸ਼ਹੀਦਾ ਨੇ ਆਪਣੀ ਜਾਨ ਕੁਰਬਾਨ ਕੀਤੀ<br>
ਅਤੇ

ਸੈਂਕੜੇ ਇੰਨਕਲਾਬੀਆਂ ਨੂੰ ਨਰਕ ਵਰਗੀ ਅੰਡੇਮਾਨ ਦੀ ਸੈਲੂਲਰ ਜੇਲ
ਵਿਚ ਜਿੰਦਗੀ ਭਰ ਲਈ ਗਰਕ ਕਰ ਦਿਤਾ ਗਿਆ।
ਹਾਲਾਂਕਿ
ਗ਼ਦਰ ਪਾਰਟੀ ਆਪਣਾ ਟੀਚਾ ਪ੍ਰਾਪਤ ਨਹੀਂ ਕਰ ਸਕੀ
ਫ਼ਿਰ
ਵੀ ਇਸ ਪਾਰਟੀ ਨੇ ਆਪਣੇ ਜਤਨਾ ਨਾਲ ਭਾਰਤੀ ਲੋਕਾਂ
ਦੀ ਨਿਰਾਸ ਮਾਨਸਿਕਤਾ ਵਿਚ ਹੁਲਾਰਾ ਅਤੇ ਤਾਕਤ ਫ਼ੂਕੀ
ਇਸ ਦਾ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ।
ਇਸ ਪ੍ਰਕਾਰ
ਸੂਰਵੀਰਤਾ ਦਾ ਇਕ ਹੋਰ ਅਧਿਆਏ ਅਜ਼ਾਦੀ ਦੇ
ਸੰਘਰਸ਼ ਦੇ ਸਾਕੇ ਵਿਚ ਸ਼ਾਮਲ ਹੋ ਗਿਆ।
ਪਾਰਟੀ ਦੇ ਦਿਸ਼ਾ ਨਿਰਦੇਸ਼:
ਏਕਤਾ– ਜੀਵਨ ਸ਼ਕਤੀ ਅਤੇ ਅਜ਼ਾਦੀ ਵੱਲ ਅਗਵਾਈ ਕਰਦੀ ਹੈ।
ਫੁੱਟ– ਇਸ ਕਾਰਨ ਕਮਜ਼ੋਰੀ ਅਤੇ ਅਧੀਨਤਾ ਪੈਦਾ ਹੁੰਦੀ ਹੈ।
ਏਕੀਕਰਨ– ਬਰਾਬਰੀ ਦੇ ਨਿਜ਼ਾਮ ਵਲ ਅਗਵਾਈ ਕਰਦਾ ਹੈ ਪ੍ਰੰਤੂ
ਅੰਦਰੂਨੀ ਝਗੜ੍ਹੇ– ਰਾਸ਼ਟਰੀ ਤਬਾਹੀ ਦਾ ਰਸਤਾ ਹਨ।
ਇਸ ਲਈ
ਉੱਠੋ ਨੌਜਵਾਨੋ
ਬਦਲਦੇ ਹਾਲਾਤ ਨਾਲ ਇਕ ਸੁਰ ਹੋਵੋ= ਕਿਸਮਤ ਵਿਚ ਲਿਖਿਆ ਆਪਣਾ ਫ਼ਰਜ਼ ਪੂਰਾ ਕਰੋ=
ਸਬ ਪ੍ਰਕਾਰ ਦੀਆਂ ਗੁਲਾਮੀਆਂ ਖ਼ਤਮ ਕਰੋ
ਭਾਵੇਂ ਉਹ ਆਰਥਿਕ,ਰਾਜਨੀਤਿਕ ਜਾਂ ਸਮਾਜਿਕ ਹੋਵੇ।
ਸੱਚਾ ਧਰਮ
ਹੈ
ਮਨੁੱਖਤਾ
ਲੋਕ ਲੰਬੀਆਂ ਉਮਰਾਂ ਮਾਣਨ=
ਸੋਹਨ ਸਿੰਘ ਭਕਨਾ (ਬਾਬਾ)
1 ਮਈ 1966।[5]

*ਪ੍ਰਕਾਸ਼ਨ: ਦ "ਗ਼ਦਰ ", "ਗ਼ਦਰ ਗੂੰਜਾਂ"*

ਜਿਵੇਂ ਕਿ ਗ਼ਦਰ ਿਆਂ ਨੂੰ ਸਤਕਾਰਪੂਰਵਕ ਮਹਾਨ ਬਾਬੇ ਆਖਿਆ ਜਾਂਦਾ ਸੀ, ਉਹਨਾਂ ਨੇ ਭਾਰਤ ਵਿਚ ਅਤੇ ਬਾਹਰ ਰਹਿੰਦੇ ਪਰਵਾਸੀ ਭਾਰਤੀਆਂ ਲਈ ਇੰਨਕਲਾਬੀ ਲੋਕਾਚਾਰ ਪੈਦਾ ਕਰਨ ਅਤੇ ਪ੍ਰਫੱਕਰਨ ਲਈ ਸੱਬ ਤੋ ਸਹੀ ਜ਼ਰੀਆ ਚੁਣਿਆ।

ਪਾਰਟੀ ਹੈਡ ਕੁਆਟਰ ਯੁਗਾਂਤਰ ਆਸ਼ਰਮ ਤੋਂ 1 ਨਵੰਬਰ 1913 ਨੂੰ ਗ਼ਦਰ ਦੀ ਸ਼ੁਰੂਆਤ ਕੀਤੀ ਗਈ। ਇਹ ਨਾਮ ਪਾਰਟੀ ਦੱਫ਼ਤਰ ਦੇ ਨਾਮ ਯੁਗਾਂਤਰ (ਨਵਾਂ ਯੁਗ) ਤੋਂ ਲਿਆ ਗਿਆ ਸੀ, ਜੋ ਕਿ ਕਲਕਤਾ ਵਿਖੇ ਸਥਿਤ ਇਕ ਇੰਨਕਲਾਬੀ ਜੱਥੇਬੰਦੀ ਦਾ ਨਾ ਸੀ।

ਇਸ ਪਰਚੇ ਦੇ ਸ਼ੁਰੂਆਤੀ ਅੰਕ ਇਕ ਹੈਡ ਮਸ਼ੀਨ ਤੇ ਕੱਢੇ ਗਏ ਜਿਸ ਨੂੰ ਕਿ ਕਰਤਾਰ ਸਿੰਘ ਸਰਾਭਾ ਅਤੇ ਯੂ.ਪੀ. ਦੇ ਇਕ ਰਘਬੀਰ ਦਿਆਲ ਵਲੋਂ ਚਲਾਇਆ ਜਾਂਦਾ ਸੀ। ਮੁੱਖ ਐਡੀਟਰ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਜਿਸ ਨੂੰ ਕਿ ਕਰਤਾਰ ਸਿੰਘ ਦੁਆਰਾ ਪੰਜਾਬੀ ਵਿੱਚ ਅਨੁਵਾਦ ਕੀਤਾ ਜਾਂਦਾ ਸੀ। ਪਰਚੇ ਦਾ *ਸਿਰਲੇਖ-ਗ਼ਦਰ , 1857* ਦੇ ਗ਼ਦਰ ਨੂੰ ਮਾਡਲ ਦੇ ਰੂਪ ਵਿਚ

ਅਪਣਾਇਆ ਜਾਣਾ ਦਰਸਾਉਂਦਾ ਸੀ। ਇਸ ਦਾ ਮਕਸਦ ਜਨਤਕ ਕ੍ਰਾਂਤੀ ਨੂੰ ਫ਼ੌਜੀ ਵਿਦਰੋਹ ਨਾਲ ਜੋੜਨਾ ਸੀ।ਇਹ ਇਸ ਸੋਚਣੀ ਤੇ ਅਧਾਰਿਤ ਸੀ ਕਿ ਜਦੋਂ ਤੱਕ ਫ"ਜ ਕ੍ਰਾਂਤੀ ਦਾ ਹਿੱਸਾ ਨਹੀਂ ਬਣਦੀ ਉਦੋਂ ਤੱਕ ਇਹ ਸਫ਼ਲ ਨਹੀ ਹੋ ਸਕਦੀ। ਉਨ੍ਹਾਂ ਲੋਕਾਂ ਦੀ ਦੂਰਦਰਸ਼ਤਾ ਨੂੰ ਸਲਾਮ ਕਿਉਂਕਿ ਉਹ ਸੱਚੇ ਸਾਬਤ ਹੋਏ।ਅੰਗ੍ਰੇਜ਼ਾਂ ਨੇ 1946-47 ਵਿਚ ਭਾਰਤ ਤਾਂ ਹੀ ਛਡਿਆ ਜਦੋਂ ਜਲਸੈਨਾ ਨੇ ਲਾਲ ਕਿਲੇ ਵਿਚ ਆਈ ਐਨ ਏ ਮੁਕਦੱਮੇ ਦੇ ਵਿਰੋਧ ਵਿਚ ਵਿਦਰੋਹ ਕਰ ਦਿੱਤਾ ਅਤੇ ਬੰਬਈ ਦੀ ਜਨਤਾ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਦੀ ਮਦਦ ਲਈ ਸਾਹਮਣੇ ਆਈ ਅਤੇ ਗੋਲੀਆਂ ਝੇਲੀਆਂ। ਇਸ ਦੇ ਨਾਲ ਹੀ ਇਸ ਵਿਦਰੋਹ ਫ"ਜ ਅਤੇ ਹਵਾਈ ਫ਼ੌਜ ਵਿਚ ਫੈਲਣ ਦੀਆਂ ਖਬਰਾਂ ਵੀ ਸ਼ਾਮਲ ਹੋ ਗਈਆਂ। ਮੋਟੇ ਅੱਖਰਾਂ ਵਿੱਚ ਲਿਖੇ ਗ਼ਦਰ ਸਿਰਲੇਖ ਵਿਚ ਇਕ ਚਿੱਟੇ ਅਖਰਾਂ ਵਿਚ ਉਕੱਰੀ ਲਿਖਤ ਸੀ "ਅੰਗ੍ਰੇਜ਼ੀ ਰਾਜ ਦਾ ਦੁਸ਼ਮਨ, ਉਰਦੂ, ਗੁਰਮੁੱਖੀ ਅਖ਼ਬਾਰ।"

"ਗ਼ਦਰ " ਦੇ ਉਪਰਲੇ ਹਿੱਸੇ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਾਪੀ ਜਾਂਦੀ ਸੀ:

"ਜੇ ਤਓ ਪ੍ਰੇਮ ਖੇਲਣ ਕਾ ਚਾਓ

ਸਰ ਧਰ ਤਲੀ ਗਲੀ ਮੋਰੀ ਆਓ।"

(ਜੇ ਤੁਸੀਂ ਤਿਆਗ ਦੀ ਖੇਡ ਖੇਡਣ ਦੀ ਖ਼ਵਾਹਸ਼ ਰੱਖਦੇ ਹੋ ਤਾਂ ਆਪਣਾ ਸਿਰ ਹਥੇਲੀ ਤੇ ਰੱਖ ਕੇ ਆਓ)

ਉਤਲੇ ਦੋਹਾਂ ਕੋਨਿਆਂ ਤੇ-ਵੰਦੇ (ਖੱਬੇ ਪਾਸੇ) ਅਤੇ ਮਾਤਰਮ (ਸੱਜੇ ਪਾਸੇ) ਲਿਖਿਆ ਹੁੰਦਾ ਸੀ।

ਵੰਦੇ ਮਾਤਰਮ (ਮਾਤਾ= ਤੇਰੇ ਅੱਗੇ ਸੀਸ ਨਿਵਾਉਂਦਾ ਹਾਂ) ਬੰਕਿਮ ਚੰਦਰ ਚਟਰਜੀ ਦੁਆਰਾ ਰਚਿਤ ਇਕ ਬੰਗਾਲੀ ਨਾਵਲ "ਆਨੰਦ ਮੱਠ" ਦੇ ਗੀਤ ਦਾ ਸਿਰਨਾਵਾ ਸੀ। ਇਸ ਨਾਵਲ ਵਿਚ ਮਲੇਛ ਰਾਜ ਵਿਚ ਸੰਯਾਸੀ ਬਗ਼ਾਵਤ ਨੂੰ ਦਰਸਾਇਆ ਗਿਆ ਹੈ।

ਬਾਅਦ ਦੇ ਦੌਰ ਦੇ ਇੰਨਕਲਾਬੀਆਂ ਜਿਵੇ ਮਹਾਨ ਸਰਦਾਰ ਭਗਤ ਸਿੰਘ ਲਈ ਇਹ ਨਾਵਲ ਇਕ ਧਾਰਮਿਕ ਪੋਥੀ ਸਮਾਨ ਸੀ। ਵੰਦੇ ਮਾਤਰਮ ਅਜ਼ਾਦੀ ਦੇ ਸੰਘਰਸ਼ ਦਾ ਜੰਗੀ ਗੀਤ ਸੀ ਅਤੇ ਅਪ੍ਰੈਲ 1929 ਤੋਂ ਬਾਅਦ ਇਸ ਦੀ ਥਾਂ ਇੰਨਕਲਾਬ ਜਿੰਦਾਬਾਦ ਨੇ ਲੈ ਲੀ ਸੀ। ਸਰਦਾਰ ਭਗਤ ਸਿੰਘ ਅਤੇ ਬੀ.ਕੇ ਦੱਤ ਨੇ ਇਸ ਨਾਰੇ ਦਾ ਜੱਪ ਕਰਦਿਆਂ ਸੈਂਟਰਲ ਅਸੈਂਬਲੀ ਵਿਚ ਬੰਬ ਸੁੱਟਿਆ ਸੀ।

"ਗ਼ਦਰ " ਅਖ਼ਬਾਰ ਵਿਚ ਛਪੀ ਸਮਗਰੀ ਬਹੁ-ਪੱਖੀ ਹੁੰਦੀ ਸੀ ਜਿਵੇਂ:-

ੳ) ਬ੍ਰਿਟਿਸ਼ ਹਾਕਮਾਂ ਦੁਆਰਾ ਭਾਰਤ ਦਾ ਆਰਥਿਕ ਸ਼ੋਸ਼ਣ।

ਅ) ਭਾਰਤ ਵਿਚ ਬ੍ਰਿਟਿਸ਼ ਸਰਕਾਰ ਦੀਆਂ ਰਾਜਨੀਤਿਕ ਚਾਲਾਂ ਦਾ "ਅਸਲੀ ਚਿਹਰਾ" ਉਭਾਰਨਾ।

ੲ) ਵੀਰ ਸਾਵਰਕਰ ਦੇ 1857 ਦੇ ਗ਼ਦਰ ਤੇ ਲਿਖੇ ਗ੍ਰੰਥ ਨੂੰ ਮੁੜ ਛਾਪਣਾ।

ਸ) ਅਮਰੀਕਾ ਵਿਚ ਰਹਿੰਦੇ ਭਾਰਤੀਆਂ ਲਈ ਦਿਸ਼ਾ ਨਿਰਦੇਸ਼।

ਹ) ਅੰਤਰ-ਰਾਸ਼ਟਰੀ ਮਸਲਿਆਂ ਵਿਚ ਬ੍ਰਿਟਿਸ਼ ਦਖਲ ਬਾਰੇ ਦਰਸਾਉਣਾ।

ਕ) ਕੁੰਝ ਇੰਨਕਲਾਬੀ ਕਵਿਤਾਵਾਂ - ਜੋ ਕਿ ਬਾਅਦ ਵਿਚ ਲੜੀਵਾਰ "ਗ਼ਦਰ -ਦੀ-ਗੂੰਜ" ਨਾਂ ਤੋਂ ਇਕ ਵੱਖਰੇ ਅੰਕ ਵਿਚ ਛਾਪੀਆਂ ਗਈਆਂ।

ਇਸ ਵਿਚ ਵਰਤੀ ਗਈ ਭਾਸ਼ਾ ਠੇਠ ਜ਼ਮੀਨੀ ਅਤੇ ਆਮ ਬੋਲਚਾਲ ਵਾਲੀ ਸੀ। ਯੌਧਿਆਂ ਦੁਆਰਾ ਯੋਧਿਆਂ ਲਈ ਲਿਖੀਆਂ ਗਈਆਂ ਇਨ੍ਹਾਂ ਕਵਿਤਾਵਾਂ ਵਿਚ ਸਾਹਿਤਕ ਨਫ਼ਾਸਤ ਨਹੀਂ ਸੀ ਪਰ ਇਸ ਦਾ ਅਸਰ ਬਿਜਲੀ ਵਾਂਗ ਸੀ। (ਇਸ ਲੇਖਕ ਨੂੰ ਇਕ ਵਾਰ ਬਾਬਾ ਜੀ ਦੇ ਸਮਕਾਲੀ (ਸ਼ਹੀਦ) ਭਾਨ ਸਿੰਘ (ਸੁਨੇਤ ਪਿੰਡ) ਨੂੰ 1961 ਵਿਚ ਮਿਲਣ ਦਾ ਮੌਕਾ

ਮਿਲਿਆ। ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਉਸ ਨੇ ਅਜਿਹੀ ਸ਼ਿਦੱਤ ਅਤੇ ਭਾਵਨਾ ਨਾਲ ਇਹ ਸਤਰਾਂ ਸੁਣਾਈਆਂ ਜੋ ਕਿ "ਬਿਆਨ ਤੇ ਪਰੇ ਹਨ ਅਤੇ ਜਿਨਾਂ ਨੂੰ ਉਚਾਰਦਿਆਂ ਉਸ ਦਾ ਚਿਹਰਾ ਭੱਖਕੇ ਸੁਰੱਖ਼ ਕੋਲ਼ਿਆਂ ਵਾਂਗ ਬੱਲ਼ ਰਿਹਾ ਸੀ।")

ਲੇਖਕ ਦੁਆਰਾ 1960-70 ਅਤੇ 80 ਦੇ ਦਹਾਕੇ ਵਿਚ ਅਜੋਕੇ ਸਮੇਂ ਜ਼ਿੰਦਾ ਗ਼ਦਰੀ ਬਾਬਿਆਂ ਨਾਲ ਇੰਨਟਰਵਿਊ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਹਰ ਗ਼ਦਰੀ ਸ਼ਹੀਦ ਦੀ ਜਿੰਦਗੀ ਦੀ "ਆਖਰੀ ਰਾਤ", "ਇਨਾਂ ਕਵਿਤਾਵਾਂ ਨੂੰ ਉਚਾਰਦੀਆਂ ਬੀਤੀ ਸੀ।ਮਹਾਨ ਕਰਤਾਰ ਸਿੰਘ 20 ਸਾਲ ਤੋਂ ਘੱਟ ਉਮਰ ਦਾ ਇਕ ਨੌਜਵਾਨ ਸੀ ਜੋ ਕਿ 19-02-1915 ਨੂੰ ਠੁੱਸ ਹੋਈ ਪ੍ਰਸਤਾਵਤ ਬਗ਼ਾਵਤ ਦੇ ਬਾਅਦ ਭਾਰਤ ਛੱਡ ਕੇ (ਸ਼ਹੀਦ) ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ) ਅਤੇ (ਬਾਬਾ) ਹਰਨਾਮ ਸਿੰਘ ਟੁੰਡੀਲਾਟ (ਕੋਟਲਾ ਨੌਧ ਸਿੰਘ, ਹੁਸ਼ਿਆਰਪੁਰ) ਦੇ ਨਾਲ ਕਾਬੁਲ ਲਈ ਰਵਾਨਾ ਹੋ ਗਿਆ ਸੀ। ਸਰਹਦ ਦੇ ਨੇੜੇ ਕਿਸੇ ਜਗ੍ਹਾਂ ਤੇ ਉਹ ਸਾਰੇ ਸੌਂ ਗਏ। ਅੱਧੀ ਰਾਤ ਨੂੰ ਅਚਾਨਕ ਕਰਤਾਰ ਸਿੰਘ ਉੱਠ ਪਿਆ ਅਤੇ ਆਪਦੇ ਸਾਥੀਆਂ ਨੂੰ ਤੁਰੰਤ ਆਪਣੇ ਬਚੇ ਹੋਏ ਵਸੀਲਿਆਂ ਵੱਲ ਪਰਤਣ ਲਈ ਹੁੰਗਾਰਾ ਭਰਿਆ। ਇਹ ਪਤਾ ਲਗਿਆ ਕਿ ਇਸ 'ਯੂ-ਟਰਨ' ਦੇ ਪਿੱਛੇ "ਗ਼ਦਰ -ਦੀ-ਗੂੰਜ" 'ਚੋਂ ਉਸ ਦੀਆਂ ਪਸੰਦੀਦਾ ਸਤਰਾਂ ਬਾਰੇ ਯਾਦ ਆਉਣਾ ਹੈ:-

*"ਬਣੀ ਸਿਰ ਸ਼ੇਰਾਂ*
*ਕੀ ਜਾਣਾ ਭੱਜ ਕੇ"*
(ਸ਼ੇਰਾਂ ਸਾਹਮਣੇ ਮੁਸੀਬਤ ਖੜੀ ਹੋਵੇ ਹੋਣ, ਤਾਂ ਉਨ੍ਹਾਂ ਭੱਜਣਾ ਨਹੀਂ ਹੁੰਦਾ)

"ਬਗ਼ਾਵਤ ਦੀਆਂ ਇਨ੍ਹਾਂ ਗੂੰਜਾਂ ਕਰਕੇ ਹੀ ਸਾਮਰਾਜ ਦੇ ਵਿਸ਼ੇਸ਼ ਥੰਮਾਂ ਜਿਵੇਂ ਫ"ਜ ਅਤੇ ਮਹਾਦੀਪਾਂ ਨੂੰ ਵੀ ਪਾਰ ਕਰਕੇ ਹੋਰ ਇਲਾਕਿਆਂ ਵਿਚ ਗ਼ਦਰ ਦੀ ਭਾਵਨਾ ਬਿਜਲੀ ਵਰਗੇ ਅਸਰ ਨਾਲ ਫ਼ੈਲੀ।

ਲੁਧਿਆਣਾ ਵਿਖੇ ਹੋਸਟਲਾਂ ਵਿਚ ਕਰਤਾਰ ਸਿੰਘ ਦੇ ਹਮਉਮਰ ਸਾਥੀ ਗ਼ਦਰ ਾ ਲਿਖਤਾਂ ਨੂੰ ਇਕ ਸਾਇਕਲੋ ਸਟਾਇਲਿੰਗ ਮਸ਼ੀਨ ਰਾਹੀਂ ਨਕਲ ਕਰਕੇ ਆਯਾਤ ਦੀਆਂ ਬੰਦਿਸ਼ਾਂ ਕਰਕੇ ਦਰਪੇਸ਼ ਪਾੜੇ ਨੂੰ ਪੂਰ ਕਰਦੇ ਸਨ।

**ਜਨਤਕ ਇਕੱਠਾਂ ਦੀਆਂ ਲਹਿਰਾਂ ਦਾ ਉਫ਼ਾਨ**

ਕੈਲੀਫ਼ੋਰਨੀਆ ਅਤੇ ਔਰੇਗਨ ਰਾਜ, ਜਿੱਥੇ ਕਿ ਭਾਰਤੀ ਪ੍ਰਵਾਸੀ ਵੱਡੀ ਗਿਣਤੀ ਵਿਚ ਵੱਸੇ ਸਨ, ਵਿਦਰੋਹ ਦੀ ਜਵਾਲਾ ਹੌਲੀ-2 ਫ਼ੈਲਣ ਲੱਗ ਗਈ। ਇਸ ਦੇ ਮੁੱਢਲੇ ਨਤੀਜਿਆਂ ਵਿਚ ਐਸਟੋਰੀਆ(ਔਰੇਗਨ) ਵਿਖੇ 1912 ਦੇ ਅੰਤ ਜਾਂ 1913 ਦੇ ਸ਼ੁਰੂਆਤ ਵਿਚ ਹਿੰਦੁਸਤਾਨੀ ਐਸੋਸੀਏਸ਼ਨ ਦੀ ਸਥਾਪਨਾ ਸ਼ਾਮਲ ਸੀ। ਇਕ ਮੀਟਿੰਗ, ਜਿਸ ਨੂੰ ਕਿ ਮੁਨਸ਼ੀ ਰਾਮ, ਕਰੀਮ ਬਖ਼ਸ, ਨਵਾਬ ਖ਼ਾਨ, ਕੇਸਰ ਸਿੰਘ ਠਾਠਗੜ੍ਹ, ਬੰਤਾ ਸਿੰਘ ਸੰਗੋਵਾਲ ਅਤੇ ਕਰਤਾਰ ਸਿੰਘ ਸਰਾਭਾ ਨੇ ਸੰਬੋਧਿਤ ਕੀਤਾ ਸੀ, ਉੱਥੇ ਕੇਸਰ ਸਿੰਘ ਨੂੰ ਪ੍ਰਧਾਨ ਅਤੇ ਬਲਵੰਤ ਸਿੰਘ ਨੂੰ ਸਕੱਤਰ ਚੁਣਿਆ ਗਿਆ।[6]

ਐਸੋਸੀਏਸ਼ਨ ਦੇ ਮੁੱਖ ਉਦੇਸ਼ ਸਨ:

੧) ਭਾਰਤ ਵਿਚੋਂ ਵਰਨੈਕੁਲਰ ਅਖ਼ਬਾਰ ਪ੍ਰਾਪਤ ਕਰਨਾ।
੨) ਭਾਰਤ ਤੋਂ ਨੌਜਵਾਨਾਂ ਨੂੰ ਸਿੱਖਿਆ ਲਈ ਅਮਰੀਕਾ ਬੁਲਾ ਕੇ ਉਨ੍ਹਾਂ ਨੂੰ ਭਾਰਤ ਵਿਚ ਕੌਮੀ ਕੰਮ ਲਈ ਤਿਆਰ ਕਰਨਾ।
੩) ਰਾਜਨੀਤਿਕ ਚਰਚਾ ਲਈ ਹਫ਼ਤਾਵਾਰ ਮੀਟਿੰਗਾਂ ਕਰਨਾ- ਨਵਾਬ ਖ਼ਾਨ (ਅਪਰੂਵਰ) ਦੇ ਸ਼ਬਦਾਂ ਵਿੱਚ ਇਸ ਦਾ ਅਸਰ ਇਹ ਹੋਇਆ ਕਿ 'ਮੈਂਬਰ ਆਪਣੇ ਦੇਸ਼ ਲਈ ਜਜ਼ਬਾਤ ਮਹਿਸੂਸ ਕਰਨ ਲੱਗ ਪਏ'। ਨਵਾਬ ਖ਼ਾਨ ਨੇ ਇਹ ਵੀ ਕਿਹਾ ਕਿ ਹਿੰਦੁਸਤਾਨ ਐਸੋਸੀਏਸ਼ਨ ਦੇ ਖ਼ਿਆਲਾਤ ਵੀ, ਬਾਅਦ ਵਿਚ ਹੋਂਦ ਵਿਚ ਆਈ ਹਿੰਦੀ ਐਸੋਸੀਏਸ਼ਨ ਨਾਲ ਬਿਲਕੁਲ ਇਕਸੁਰ ਸਨ........ਕਿ ਇਸ ਦਾ ਮਕਭਾਰਤ ਦੇ ਸਾਰੇ ਧਰਮਾਂ ਦੀ ਏਕਤਾ, ਸਿੱਖਿਆ ਅਤੇ ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨਾ ਸੀ"। (ਲਾਹੌਰ ਸਾਜਿਸ਼ ਕੇਸ ਦਾ ਫ਼ੈਸਲਾ)[7]

ਇਸ ਲੜੀ ਵਿਚ ਪੱਛਮੀ ਪੈਸੀਫ਼ਿਕ ਤੱਟ ਦੇ ਮਹੱਤਵਪੂਰਨ ਕੇਂਦਰਾਂ ਵਿਚ, ਜਿੱਥੇ ਕਿ ਭਾਰਤੀਆਂ ਦੀ ਗਿਣਤੀ ਕਾਫ਼ੀ ਸੀ, ਵਿਖੇ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਗਈਆਂ। ਇਸ ਫੈਸਲੇ ਵਿਚ ਅਜਿਹੀਆਂ ਮੀਟਿੰਗਾਂ ਦਾ ਪੂਰਨ ਵਿਸਥਾਰਪੂਰਵਕ ਵੇਰਵਾ ਅੱਠ ਛਾਪੇ ਹੋਏ ਪੰਨਿਆਂ ਵਿਚ ਸ਼ਾਮਿਲ ਕੀਤਾ ਗਿਆ। 4 ਅਗਸਤ 1914 ਨੂੰ ਜੰਗ ਦੇ ਐਲਾਨ ਉਪਰੰਤ ਇਨ੍ਹਾਂ ਮੀਟਿੰਗਾਂ ਦੀ ਲੜੀ ਅਪਣੇ ਸਿਖਰ ਤੇ ਪਹੁੰਚ ਗਈ। ਇਹਨਾਂ ਵਿਚੋਂ ਅਖੀਰਲੀ ਤੋਂ ਪਹਿਲੀ ਮੀਟਿੰਗ 9 ਅਗਸਤ ਫ਼ਰੈਜ਼ਨੋ (ਕੈਲੀਫ਼ੋਰਨੀਆ) ਵਿਖੇ ਹੋਈ ਜਿਸ ਨੂੰ ਕਿ ਹੋਰਨਾਂ ਤੋਂ ਇਲਾਵਾ ਬਰਕ(ਬਾਅਦ ਵਿਚ ਮੀਤ ਪ੍ਰਧਾਨ) ਅਤੇ ਰਾਮ ਚੰਦ ਦੁਆਰਾ ਸੰਬੋਧਿਤ ਕੀਤਾ ਗਿਆ। "ਸਰੋਤਿਆਂ ਨੂੰ ਤੁਰੰਤ ਭਾਰਤ ਲਈ

ਪ੍ਰਸਥਾਨ ਕਰਨ ਲਈ ਪ੍ਰੇਰਿਆ ਗਿਆ।ਭਾਰਤ ਪਹੁੰਚਣ ਤੇ ਅਸਲਾ ਦਿੱਤਾ ਜਾਵੇਗਾ ਅਤੇ ਅਖੀਰ ਉਹ ਸਮਾਂ ਆ ਗਿਆ ਹੈ ਕਿ ਜਦ ਇੰਗਲੈਂਡ ਲੜਾਈ ਵਿਚ ਰੁੱਝਿਆ ਹੋਇਆ ਹੈ, ਤਾਂ ਅੰਗ੍ਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਦਿੱਤਾ ਜਾਵੇ। ਚੰਦਾ ਇਕੱਠਾ ਕੀਤਾ ਗਿਆ ਅਤੇ ਵਲੰਟੀਅਰਾਂ ਦੀ ਇਕ ਲਿਸਟ ਤਿਆਰ ਕੀਤੀ ਗਈ ਜਿਸ ਵਿਚ 200 ਤੋਂ 300 ਸਿੱਖਾਂ ਨੇ ਤੁਰੰਤ ਭਾਰਤ ਜਾਣ ਦਾ ਬਚਨ ਦਿਤਾ।"

ਇਸ ਫ਼ੈਸਲੇ ਅਨੁਸਾਰ ਜਿਹੜੇ ਲੋਕਾਂ ਨੇ "ਕਰੋ ਜਾਂ ਮਰੋ" ਦੀ ਪੁਕਾਰ ਨੂੰ ਹੁੰਗਾਰਾ ਭਰਿਆ, ਉਹਨਾਂ ਦੀ ਗਿਣਤੀ ਕੁਝ ਹਜ਼ਾਰਾਂ ਵਿਚ ਸੀ।[8]

**ਕੌਮਾਗਾਟਾ ਮਾਰੂ ਘਟਨਾ**

ਇਸ ਘਟਨਾ ਦਾ ਉਪਰੀ ਤੌਰ ਤੇ ਗ਼ਦਰ ਪਾਰਟੀ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ ਪ੍ਰੰਤੂ ਇਸ ਲਹਿਰ ਦੇ ਕਾਰਨ ਅਤੇ ਕਾਰਜ ਕਰਕੇ ਹੋਈਆਂ ਘਟਨਾਵਾਂ ਕਰਕੇ ਲਹਿਰ ਦੇ ਅਤ ਹੋਣ ਦਾ ਤਾਰ ਬੱਝਿਆ ਹੋਇਆ ਹੈ।ਇਸ ਦਾ ਸਿੱਧਾ ਪੱਧਰਾ ਮਕਭਾਰਤੀਆਂ ਦੀ ਕੇਨੇਡਾ ਵਿਚ 1907 ਤੋਂ ਪ੍ਰਵੇਸ਼ ਤੇ ਲੱਗੀ ਰੋਕ ਦਾ ਇਕ ਵੱਡੇ ਤਰੀਕੇ ਨਾਲ ਵਿਰੋਧ ਕਰਨਾ ਸੀ। ਡੋਮੀਨਿਅਨ ਦੇ ਰੂਪ ਵਿਚ ਸੁਤੰਤਰ ਹੋਣ ਦੇ ਬਾਵਜੂਦ ਕੇਨੇਡਾ ਬ੍ਰਿਟਿਸ਼ ਸਮਰਾਜ ਦਾ ਹਿੱਸਾ ਸੀ ਅਤੇ ਉੱਥੇ ਰਹਿ ਰਹੇ ਭਾਰਤੀ ਪ੍ਰਵਾਸੀਆਂ ਤੇ ਉਨ੍ਹਾਂ ਦੀਆਂ ਸਾਜ਼ਸ਼ੀ ਗਤੀਵਿਧਿਆਂ ਬਾਰੇ ਖੁਰਿਪੋਰਟਾਂ ਕਰਕੇ ਰੋਕ ਲਗਾਈ ਗਈ ਸੀ।

ਸ਼ੁਰੂ ਇੰਝ ਹੋਇਆ ਕਿ ਸਰਹਾਲੀ-ਅੰਮ੍ਰਿਤਸ਼ਰ ਦੇ ਬਾਬਾ ਗੁਰਦਿੱਤ ਸਿੰਘ ਨੇ ਇਕ ਜਪਾਨੀ ਜਹਾਜ, "ਕੌਮਾਗਾਟਾ ਮਾਰੂ" ਕਿਰਾਏ ਤੇ ਲਿਆ। ਬਾਬਾ ਗੁਰਦਿੱਤ ਸਿੰਘ ਆਪਣੇ ਸਮੇਂ ਦੇ ਉੱਦਮੀ ਵਪਾਰੀ ਸਨ, ਜਿਨ੍ਹਾਂ ਨੇ ਸਮੁੰਦਰੀ ਯਾਤਰਾ ਲਈ "ਗੁਰੂ ਨਾਨਕ ਸਟੀਮਸ਼ਿੱਪ ਕੰਪਨੀ" ਨਾਮ ਦੀ ਇਕ ਕੰਪਨੀ ਬਣਾਈ। ਇਸ ਉਦੇਸ਼ ਲਈ ਇਹ ਕਾਰਜਵਿਧੀ ਤਜਵੀਜ਼ ਕੀਤੀ ਗਈ ਕਿ ਯਾਤਰੂਆਂ ਨੂੰ ਸਿੱਧੇ ਤੋਰ ਤੇ ਭਾਰਤ ਤੋਂ ਕੇਨੇਡਾ ਲਈ ਬੁੱਕ ਕੀਤਾ ਜਾਵੇ ਤਾਂ ਜੋ ਸਰਕਾਰ ਦੁਆਰਾ "ਸਿੱਧੇ ਸਮੁੰਦਰੀ ਸਫ਼ਰ" ਦੀ ਸਖ਼ਤ ਸ਼ਰਤ ਨੂੰ ਪੂਰਾ ਕੀਤਾ ਜਾ ਸਕੇ। ਇਹ ਸ਼ਰਤ ਭਾਰਤੀਆਂ ਦੀ ਕੇਨੇਡਾ ਵਿਚ ਆਮਦ ਨੂੰ ਰੋਕਣ ਲਈ ਲਗਾਈ ਗਈ ਸੀ, ਕਿਉਂਕਿ ਇਸ ਪ੍ਰਕਾਰ ਦਾ ਕੋਈ ਸਾਧਨ ਉਪਲਬੱਧ ਨਹੀਂ ਸੀ ਅਤੇ ਇਸ ਪ੍ਰਕਾਰ ਸਰਕਾਰ ਨੇ ਆਪਣੇ ਆਪ ਨੂੰ ਨਸਲੀ ਵਿਤਕਰੇ ਦੇ ਕਲੰਕ ਤੋ ਪ੍ਰਤੱਖ ਰੂਪ ਵਿਚ ਬਚਾਇਆ ਸੀ।

ਇਸ ਗੱਲ ਬਾਰੇ ਇਹ ਵਾਜਬ ਤੌਰ ਤੇ ਮੰਨਿਆ ਜਾ ਸਕਦਾ ਹੈ ਕਿ ਇਸ ਸਮੁੰਦਰੀ ਯਾਤਰਾ ਦੇ ਪ੍ਰਬੰਧਕ ਅਤੇ ਜ਼ਿਆਦਾਤਰ ਯਾਤਰੂਆਂ ਨੂੰ ਵੀ ਆਪਣੀ ਮੰਜਿਲ ਵੈਨਕੂਵਰ ਬੰਦਰਗਾਹ ਵਿਖੇ ਅਰਾਮ ਨਾਲ ਪਹੁੰਚ ਜਾਣ ਦੀ ਉਮੀਦ ਨਹੀਂ ਸੀ। ਜਦੋਂ ਇਹ ਜਹਾਜ ਮਈ 1914 ਦੇ ਆਖਰੀ ਹਫ਼ਤੇ ਉੱਥੇ ਪਹੁੰਚਿਆ ਤਾਂ ਕੇਨੇਡਾ ਸਰਕਾਰ ਨੇ ਤੱਟ ਤੇ ਹੀ ਜਹਾਜ ਨੂੰ ਰੋਕ ਦਿਤਾ। ਉਸ ਉਪਰੰਤ ਇਕ ਪਾਸੇ ਯਾਤਰੂਆ ਅਤੇ ਸਥਾਨਕ ਭਾਰਤੀਆਂ ਅਤੇ ਦੂਜੇ ਪਾਸੇ ਕੇਨੇਡਾ ਸਰਕਾਰ ਦੇ ਵਿਚਕਾਰ ਭਾਰੀ ਭਿੜਤਾਂ ਹੋਇਆ। ਅਖ਼ੀਰ ਇਸ ਜਹਾਜ਼ ਨੂੰ ਯਾਤਰੂਆ ਸਮੇਤ ਰਾਸ਼ਨ, ਕੋਲ਼ਾ ਹੋਰ ਸਮਗੱਰੀ ਅਤੇ ਛੋਟੇ-ਮੋਟੇ ਵਸੀਲਿਆਂ ਆਦਿ ਸਮੇਤ ਵਾਪਸ ਭੇਜ ਦਿਤਾ ਗਿਆ।

ਪਹਿਲਾਂ ਤੋਂ ਬੇਚੈਨ ਪ੍ਰਵਾਸੀਆਂ ਦੇ ਜਜ਼ਬਾਤ ਨੂੰ ਇਸ ਡਰਾਉਣੇ ਤਜਰਬੇ ਨੇ ਭੜਕਾ ਦਿੱਤਾ ਸੀ। ਸਤਬੰਰ 1914 ਵਿਚ ਕਲਕੱਤਾ ਪਹੁੰਚਣ ਉਪਰੰਤ ਜਹਾਜ਼ ਦੀ ਆਮਦ ਦਰਿੰਦਗੀ ਭਰੇ ਖੂਨੀ ਅੰਦਾਜ਼ ਵਿਚ ਹੋਈ। ਗ਼ਦਰ ਪਾਰਟੀ ਨੇ ਇਨ੍ਹਾਂ ਯਾਤਰੂਆ ਨੂੰ ਆਪਣੀ ਬਗ਼ਾਵਤ ਦੀ ਯੋਜਨਾ ਵਿਚ ਸ਼ਾਮਲ ਕਰਨ ਲਈ ਕਦਮ ਚੁੱਕੇ ਅਤੇ ਪਾਰਟੀ ਸਦਰ ਬਾਬਾ ਸੋਹਨ ਸਿੰਘ ਭਕਨਾ ਨੂੰ ਇਨ੍ਹਾਂ ਨਾਲ ਗਠਜੋੜ ਲਈ ਭੇਜਿਆ। ਉਹ ਆਪਣੇ ਨਾਲ 200 ਪਿਸਤੌਲਾਂ ਅਤੇ 2000 ਗੋਲ਼ੀਆਂ ਅਤੇ ਗ਼ਦਰ ੀਆਂ ਦੁਆਰਾ ਪ੍ਰਕਾਸ਼ਿਤ ਸਾਹਿਤ ਜਪਾਨ ਦੇ ਯੁਕੋਹਾਮਾ ਬੰਦਰਗਾਹ ਦੇ ਯਾਤਰੂਆ ਨੂੰ ਸੌਂਪਣ ਲਈ ਜਪਾਨ ਗਏ ਅਤੇ ਇਸ ਨੂੰ ਸਰਅੰਜਾਮ ਕੀਤਾ।

ਗ਼ੌਰਤਲਬ ਹੈ ਕਿ ਜਦੋ ਬਾਬਾ ਭਕਨਾ ਜਪਾਨ ਜਾ ਰਹੇ ਸਨ ਤਾਂ 4 ਅਗਸਤ 1914 ਨੂੰ, ਜਰਮਨੀ ਅਤੇ ਇੰਗਲੈਂਡ ਵਿਚਕਾਰ ਯੁੱਧ ਛਿੜ ਗਿਆ ਸੀ।ਭਾਰਤ ਵਿਚ ਗ਼ਦਰ ਦੇ ਅਰੰਭ ਦਾ ਵੀ ਇਹੋ ਸਮਾਂ ਸੀ।

ਬ੍ਰਿਟਿਸ਼ ਖੁਫ਼ੀਆ ਪੁਲਿਸ ਨੂੰ ਇਸ ਸਭ ਦੀ ਭਨਕ ਪੈ ਗਈ ਅਤੇ ਉਹਨਾਂ ਨੇ ਕਲਕੱਤਾ ਬੱਜ ਬੱਜ ਘਾਟ ਤੇ ਇਸ ਜਹਾਜ ਦੀ "ਆਮਦ" ਲਈ ਪੂਰੀ ਅਤੇ ਮੁਕਮੰਲ ਤਿਆਰੀ ਕਰ ਲਈ। ਇਸ ਦਾ ਅੰਤ ਪੁਲਿਸ ਦੁਆਰਾ ਬਿਲਕੁਲ ਨਿਹੱਥੇ ਸ਼ਾਂਤੀਪੂਰਵਕ ਯਾਤਰੂਆ ਉਫ਼ਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਨਾਲ ਹੋਇਆ ਜਿਸ ਵਿਚ ਪਰਿਵਾਰਾਂ ਅਤੇ ਬੱਚਿਆਂ ਸਮੇਤ ਘਟੋ-ਘੱਟ 20 ਲੋਕਾਂ ਦੀ ਮੋਤ ਹੋ

ਗਈ ਅਤੇ ਇੰਨੇ ਹੀ ਲੋਕ ਇਸ ਪ੍ਰਕਿਰਿਆ ਵਿਚ ਜਖ਼ਮੀ ਹੋ ਗਏ ਜਦੋਂ ਯਾਤਰੂਆ ਨੇ ਪੁਲਿਸ ਦੀ ਧੌਂਸ ਭਰੀ ਹਦਾਇਤ ਤੇ ਅਜਿਹੀ ਗੱਡੀ ਵਿਚ 'ਚੜ੍ਹਨ' ਤੋ ਇਨਕਾਰ ਕਰ ਦਿਤੀ ਸੀ ਜੋ ਕਿ ਉਹਨਾਂ ਨੂੰ ਕੈਦ ਕਰਨ ਲਈ ਸਿਰਫ਼ ਇਕ ਚਾਲ ਸੀ।[7]

ਜਿਵੇਂ ਕਿ ਉਮੀਦ ਸੀ, ਇਸ ਘਟਨਾ ਦਾ ਭਾਰਤ ਦੇ ਰਾਸ਼ਟਰੀ ਮਨ, ਭਾਰਤ ਅੰਦਰ ਅਤੇ ਬਾਹਰ ਵਿਦੇਸ਼ ਵਿਚ, ਬਹੁਤ ਭਾਰੀ ਅਸਰ ਪਇਆ।

ਬੱਜ-ਬੱਜ: ਸੂਰਮਿਆਂ ਨੂੰ ਪੰਥ ਵਿਚੋਂ ਕੱਢਣਾ

ਸਿਖਾਂ ਦੀ ਸਰਬਉੱਚ ਸੰਸਥਾ ਅਕਾਲ ਤਖ਼ਤ ਤੋ ਜਾਰੀ ਹੁਕਮਨਾਮਾ

ਮੀਰੀ ਪੀਰੀ ਦੀ ਸਰਬੋਤਮ ਸਿੱਖ ਸੰਸਥਾ ਅਕਾਲ ਤਖ਼ਤ ਵੀ ਬੈਗਾਨੇ ਹਾਕਮਾਂ ਨੇ ਆਪਣੇ ਕਾਬੂ ਵਿਚ ਕਰ ਲਈ ਸੀ ਅਤੇ 'ਸਰਦਾਰ ਬਹਾਦੁਰ' ਰੂਰ ਸਿੰਘ ਉਹਨਾਂ ਦੀ ਕਠਪੁੱਤਲੀ ਬਣ ਚੁਕਿਆ ਸੀ ਅਤੇ ਉਸ ਨੇ ਸਰਬਰਾਹ (ਟ੍ਰਸਟੀ) ਦੀ ਹੈਸੀਅਤ ਵਿਚ ਬੱਜ ਬੱਜ ਦੇ ਪੀੜ੍ਹਤਾਂ ਨੂੰ ਰੱਬੀ ਥਾਪੇ ਅੰਗ੍ਰੇਜ਼ੀ ਹਾਕਮਾਂ ਦਾ ਵਿਰੋਧ ਕਰਨ ਦੇ ਕਾਰਨ ਪੰਥ ਵਿਚੋ ਕੱਢ ਦਿਤਾ।

ਛੇ ਸਾਲ ਬਾਅਦ 12 ਅਕਤੂਬਰ, 1920 ਨੂੰ, ਜਦ ਬੇਗ਼ੈਰਤ 'ਪੁਜਾਰੀਆਂ' ਦੇ ਪੰਜੇ ਤੋਂ ਸ੍ਰੀ ਹਰਮੰਤਰ ਸਾਹਿਬ ਨੂੰ ਮੁਕਤ ਕਰਵਾ ਲਿਆ ਗਿਆ ਸੀ, ਇਸ ਹੁਕਮਨਾਮੇ ਨੂੰ ਰੱਦ ਕਰ ਦਿਤਾ ਗਿਆ। ਹੁਣ ਬੱਜ ਬੱਜ ਦੇ ਸ਼ੁਰਮਿਆਂ ਨੂੰ 'ਸੱਚੇ ਸਿੱਖ' ਅਤੇ ਰੂਰ ਸਿੰਘ ਨੂੰ ਬੇਗ਼ੈਰਤ ਘਿਨੌਂਣਾ ਸਖ਼ਸ ਕਰਾਰ ਦਿੱਤਾ ਗਿਆ।[10]

**ਗ਼ਦਰੀਆਂ ਦੀ ਵਾਪਸੀ ਦੀ ਸਮੁੰਦਰੀ ਯਾਤਰਾ:**

"ਅਮਰੀਕਾ ਵਿਚੋਂ ਆਦਮੀਆਂ ਦੀ ਵੱਡੀ ਗਿਣਤੀ ਦੀ ਵਾਪਸੀ ਤੋਂ ਪਹਿਲਾਂ, ਇੰਝ ਜਾਪਦਾ ਹੈ ਕਿ ਕੁਝ ਵਿਅਕਤੀਆਂ ਨੂੰ ਪਹਿਲਾਂ ਵੀ ਭੇਜ ਦਿੱਤਾ ਗਿਆ ਸੀ।"[11]

ਉਹ ਵੱਖ-ਵੱਖ ਜਹਾਜਾਂ ਜਿਵੇਂ "ਨਿਪੋਨ ਮਾਰੂ", "ਮੈਕਿਸਕੋ ਮਾਰੂ" ਅਤੇ ਹੋਰਨਾਂ ਵਿਚ ਯਾਤਰਾ ਕਰਕੇ ਵਾਪਸ ਪਹੁੰਚੇ।ਹਰ ਜਹਾਜ ਨੇ ਰਸਤੇ ਵਿਚ ਪੈਂਦੇ ਆਪਣੇ ਕਈ ਨਿਰਧਾਰਿਤ ਪੜਾਵਾਂ ਦੇ ਬੰਦਰਗਾਹਾਂ ਤੇ ਲੰਗਰ ਪਾਏ ਅਤੇ ਇਹ ਸਾਰੇ ਅੱਡੇ ਮਹੱਤਵਪੂਰਨ ਸਾਬਤ ਹੋਏ।

(ਕੇਵਲ ਇਸ ਯਾਤਰਾ ਦੀ ਪ੍ਰਕਿਰਤੀ ਦਰਸਾਉਣ ਖ਼ਾਤਰ) ਉਦਾਹਰਨ ਦੇ ਤੌਰ ਤੇ, ਇਨ੍ਹਾਂ ਵਿਚੋਂ ਇਕ ਜਹਾਜ਼ ਅਮਰੀਕਾ ਤੋਂ ਹਾਂਗਕਾਂਗ ਲਈ 60 ਜਾਂ 70 ਯਾਤਰੂਆ ਨੂੰ ਲੈ ਕੇ 29 ਅਗਸਤ, 1914 ਨੂੰ ਰਵਾਨਾ ਹੋਇਆ। ਸਫ਼ਰ ਦੌਰਾਨ ਯਾਤਰੂਆ ਨੇ ਜਿਆਦਾ ਸਮਾਂ "ਗ਼ਦਰ ਦੀ ਗੂੰਜ" ਦੇ ਗੀਤਾਂ/ਨਜ਼ਮਾ ਨੂੰ ਯਾਦ ਕਰਨ ਵਿਚ ਲਗਾਇਆ ਅਤੇ ਕਈ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿਚ ਭਾਰਤ ਦੀ ਬਰਤਾਨਵੀ ਸਰਕਾਰ ਦੀ ਬਦਖੋਈ ਕੀਤੀ ਗਈ। ਕਿਹਾ ਜਾਂਦਾ ਹੈ ਕਿ ਯੁਕੋਹਾਮਾ ਵਿਖੇ ਰਾਮ ਰੱਖਾ ਅਤੇ ਅਮਰ ਸਿੰਘ, ਜਹਾਜ਼ ਤੋਂ ਉਤਰ ਕੇ ਅਸਲਾ ਪ੍ਰਾਪਤ ਕਰਨ ਲਈ ਚਲੇ ਗਏ ਅਤੇ ਇਕ ਨਵਾਂ ਯਾਤਰੀ ਪੰਡਿਤ ਪਰਮਾਨੰਦ (ਝਾਂਸੀ, ਯੂ.ਪੀ.) ਜਹਾਜ ਤੇ ਆ ਚੜ੍ਹਿਆ। ਅਗਲਾ ਪੜਾਅ ਕੋਬੇ ਸੀ ਜਿੱਥੇਕਿ ਵੈਨਕੂਵਰ ਵਿਚ ਰਹਿਣ ਵਾਲੇ ਬਹੁਤ ਸਾਰੇ ਭਾਰਤੀ ਜਹਾਜ ਤੇ ਚੜ੍ਹੇ। ਨਿਧਾਨ ਸਿੰਘ (ਚੁਘਾ, ਫਿਰੋਜਪੁਰ) ਅਤੇ ਪਿਆਰਾ ਸਿੰਘ (ਲੰਗੇਰੀ, ਹੁਸ਼ਿਆਰਪੁਰ) ਅਤੇ ਤਿੰਨ ਹੋਰ ਨਾਗਾਸਾਕੀ ਵਿਖੇ ਜਹਾਜ ਤੋਂ ਉਤਰ ਗਏ ਅਤੇ ਸਿੱਧਾ ਸ਼ੰਘਾਈ ਵੱਲ ਚਾਲੇ ਪਾਓਣ ਦਾ ਇਰਾਦਾ ਕੀਤਾ।

"ਅਗਲਾ ਅੱਡਾ ਸੀ ਮਨੀਲਾ ਅਤੇ ਉੱਥੇ ਸਥਾਨਕ ਗ਼ਦਰ ਸੋਸਾਇਟੀ ਦੇ ਪ੍ਰਧਾਨ ਹਾਫ਼ਿਜ ਅਬਦੂਲਾਹ ਅਤੇ ਦੋ ਹੋਰਨਾਂ ਨਾਲ ਯਾਤਰੂਆ ਦੀ ਮੁਲਾਕਾਤ ਹੋਈ। ਸਮੁੰਦਰ ਕਿਨਾਰੇ ਭਾਰਤੀਆਂ ਦੀ ਇਕ ਮੀਟਿੰਗ ਹੋਈ ਜਿਸ ਨੂੰ ਕਿ ਨਵਾਬ ਖ਼ਾਨ ਅਤੇ ਜਗਤ ਰਾਮ (ਹਰਿਆਣਾ, ਹੁਸ਼ਿਆਰਪੁਰ) ਨੇ ਸੰਬੋਧਿਤ ਕੀਤਾ। ਕਿਹਾ ਜਾਂਦਾ ਹੈ ਕਿ ਜਗਤ ਰਾਮ ਨੇ ਹੇਠ ਲਿਖਿਆ ਸੰਦੇਸ਼ ਦਿੱਤਾ:

"ਕੁਝ ਸਮੇਂ ਤੋ ਅਸੀਂ ਤੁਹਾਨੂੰ ਗ਼ਦਰ ਅਖ਼ਬਾਰ ਭੇਜ ਰਹੇ ਹਾਂ ਤਾਂ ਜੋ ਤੁਹਾਨੂੰ ਗ਼ਦਰ ਲਈ ਤਿਆਰ ਕੀਤਾ ਜਾ ਸਕੇ ਅਤੇ ਹੁਣ ਗ਼ਦਰ ਦਾ ਸਮਾਂ ਆ ਪਹੁੰਚਿਆ ਹੈ। ਇੰਗਲੈਂਡ ਜਰਮਨੀ ਦੇ ਨਾਲ ਜਿੰਦਗੀ ਤੇ ਮੌਤ ਦੇ ਸੰਘਰਸ਼ ਵਿਚ ਫ਼ਸਿਆ ਹੋਇਆ ਹੈ। ਇਸ ਪ੍ਰਕਾਰ ਲੜਾਈ ਵਿਚ ਧਿਆਨ ਰੁੱਝੇ ਹੋਣ ਕਾਰਨ, ਅੰਗ੍ਰੇਜ਼ਾ ਨੂੰ ਭਾਰਤ ਵਿਚੋਂ ਬਿਨਾਂ ਮੁਸ਼ਕਲ ਬਾਹਰ ਕੱਢਿਆ ਜਾ ਸਕਦਾ ਹੈ। ਤੁਹਾਨੂੰ ਇਸ ਮੌਕੇ ਨੂੰ ਗਵਾਉਣਾ ਨਹੀਂ ਚਾਹੀਦਾ ਕਿਉਂਕਿ ਅਜਿਹਾ ਮੌਕਾ ਫਿਰ ਸਦੀਆਂ ਬੱਧੀ ਵੀ ਪ੍ਰਾਪਤ ਨਹੀਂ ਹੋਵੇਗਾ। ਸਾਡੇ ਵਿਚ ਸ਼ਾਮਲ ਹੋਵੋ ਅਤੇ ਭਾਰਤ ਪਹੁੰਚਣ ਤੇ ਮਰਨ ਜਾਂ ਮਾਰਨ ਲਈ ਤਿਆਰ ਹੋ ਜਾਓ।" ਮੀਟਿੰਗ ਵਿਚ ਰਾਜਦ੍ਰੋਹੀ ਸਾਹਿਤ ਵੀ ਵੰਡਿਆ ਗਿਆ।

"ਜਦੋ ਜਹਾਜ਼ ਮਨੀਲਾ ਸੀ ਤਾਂ ਸ਼ੰਘਾਈ ਤੋ ਨਿਧਾਨ ਸਿੰਘ ਵਲੋਂ ਭੇਜੇ ਗਏ ਇਕ ਟੈਲੀਗ੍ਰਾਮ ਵਿਚ ਚੇਤਾਵਨੀ ਦਿੱਤੀ ਗਈ ਸੀ ਕਿ ਹਾਂਗਕਾਂਗ ਪਹੁੰਚਣ ਤੇ ਜਹਾਜ ਦੀ ਹਥਿਆਰਾਂ ਅਤੇ ਰਾਜਦ੍ਰੋਹੀ ਸਾਹਿਤ ਲੱਭਣ ਲਈ ਸਖ਼ਤ ਤਲਾਸ਼ੀ ਲਈ ਜਾਵੇਗੀ। ਨਤੀਜੇ ਵਜੋਂ ਯਾਤਰੂਆ ਨੇ ਸਾਰੇ ਰਾਜਦ੍ਰੋਹੀ ਪਰਚੇ ਇਕੱਠੇ ਕਰਕੇ ਸਮੁੰਦਰ ਵਿਚ ਸੁੱਟ ਦਿਤੇ। ਸਾਰੀਆਂ ਪਿਸਤੌਲਾਂ ਅਤੇ ਅਸਲਾ, ਜੋ ਕਿ ਯਾਤਰੂਆ ਦੇ ਕੋਲ ਸੀ, ਪਹਿਲਾਂ ਹੀ ਲੀਡਰਾਂ ਦੁਆਰਾ ਇਕੱਠਾ ਕੀਤਾ ਜਾ ਚੁਕਾ ਸੀ।"12

**"ਘਰ" ਵਾਪਸੀ**

ਇਸ ਵਿਚ ਹੈਰਾਨੀ ਨਹੀਂ ਕਿ ਬ੍ਰਿਟਿਸ਼ ਹੁਕਮਰਾਨ ਨੂੰ ਗ਼ਦਰ ੀਆਂ ਦੇ ਆਗਮਨ ਦੇ ਪ੍ਰਭਾਵਾਂ ਬਾਰੇ ਪਹਿਲਾਂ ਹੀ ਅੰਦਾਜ਼ਾ ਲਗ ਚੁੱਕਾ ਸੀ। ਭਾਰਤੀ ਬੰਦਰਗਾਹਾਂ ਤੇ ਉਹਨਾ ਦੀ ਗ੍ਰਿਫ਼ਤਾਰੀ ਅਤੇ ਕਦੇ ਸਾਰੇ ਇੰਤਜਾਮ ਕੀਤੇ ਜਾ ਚੁੱਕੇ ਸਨ। ਇਹਨਾਂ ਵਿਚੋਂ ਕੁਝ ਲੋਕ, ਜਿਵੇਂ ਕਰਤਾਰ ਸਿੰਘ, ਨੇ ਕੋਲੰਬੋ (ਸ੍ਰੀ ਲੰਕਾ) ਵਿਖੇ ਉਤਰਣ ਦਾ ਫ਼ੈਸਲਾ ਕੀਤਾ ਤਾਂ ਜੋ ਗ੍ਰਿਫ਼ਤਾਰੀ ਤੋਂ ਬਚਿਆ ਜਾ ਸਕੇ। ਲੁਧਿਆਣਾ (ਘੰਟਾਘਰ ਨੇੜੇ) 'ਜੇਲ ਘਰ' ਨੂੰ ਸਕਰੀਨਿੰਗ ਅਤੇ ਜਿਰਹ ਦਾ ਕੇਂਦਰ ਬਣਾਇਆ ਗਿਆ। ਵਿੰਡਬਨਾ ਹੈ ਕਿ ਇਕ ਸੌਸੈਂਟਰ ਬਣਾਉਣ ਲਈ 1970 ਵਿਚ ਇਸ ਇਤਿਹਾਸਕ ਇਮਾਰਤ ਨੂੰ ਢਾਅ ਦਿੱਤਾ ਗਿਆ। ਲੀਡਰਾਂ ਨੂੰ ਨਜ਼ਰਬੰਦ ਕੀਤਾ ਗਿਆ ਅਤੇ ਬਾਕੀਆਂ ਨੂੰ ਉਹਨਾਂ ਦੇ ਪਿੰਡਾਂ ਵਿਚ ਨਿਗਰਾਨੀ ਹੇਠ ਰੱਖਿਆ ਗਿਆ ਸੀ। ਇਸ ਪ੍ਰਕਾਰ ਸਾਰੇ ਲੀਡਰਾਂ ਨੂੰ, ਜਿਨ੍ਹਾਂ ਵਿਚ ਪ੍ਰਧਾਨ (ਬਾਬਾ ਸੋਹਨ ਸਿੰਘ ਭਕਨਾ) ਅਤੇ ਮੀਤ ਪ੍ਰਧਾਨ (ਬਾਬਾ ਕੇਸਰ ਸਿੰਘ ਥੱਤਗੜ੍ਹ) ਸ਼ਾਮਲ ਸਨ, ਜੇਲਾਂ ਵਿਚ ਭੇਜ ਦਿੱਤਾ ਗਿਆ। ਪ੍ਰਪੱਕ ਲੀਡਰਸ਼ਿਪ ਦੀ ਘਾਟ ਇਸ ਲਹਿਰ ਦੇ 'ਫੇ ਹੋਣ ਦਾ ਇਕ ਕਾਰਨ ਹੋ ਨਿੱਬੜਿਆ।

ਇੰਝ ਇਹ ਲਹਿਰ ਕਮਜੋਤਾਂ ਹੋਈ ਪਰ ਸੰਗਤ ਦੇ ਪਵਿਤੱਰ ਇਕੱਠ ਦੀ ਪਰੰਪਰਾ ਦੀ ਵਾਰਸ ਹੋਣ ਕਾਰਨ ਲਕਵੇ ਦੀ ਸ਼ਿਕਾਰ ਨਹੀ ਹੋਈ।

ਇਸ ਘਾਟ ਨੂੰ ਪੂਰ ਕਰਨ ਲਈ ਵਾਰਾਨਸੀ ਵਿਖੇ ਬੰਗਾਲ ਕ੍ਰਾਂਤੀਕਾਰੀ ਦਲ ਨਾਲ ਰਾਬਤਾ ਕਾਯਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਖ਼ੀਰ ਹਾਰਡਿੰਗ ਬੰਬ ਕੇਸ (1912) ਲਈ ਰਸ਼ ਬਿਹਾਰੀ ਬੋਸ ਅਤੇ ਉਹਨਾਂ ਦੇ ਸਾਥੀ ਸਚਿੰਦਰ ਸਨਿਆਲ ਨੂੰ ਉੱਚ ਲੀਡਰਸ਼ੀਪ ਦੀ ਜਿੰਮੇਵਾਰੀ ਸੌਪੀ ਗਈ। ਨਤੀਜੇ ਵਜੋਂ ਹਜ਼ਾਰਾਂ ਬੇਨਾਮ ਕਾਮਿਆਂ ਦੁਆਰਾ ਬੜੇ ਤਹੱਮੁਲ ਨਾਲ ਤਿਆਰ ਕੀਤੀ ਲਹਿਰ ਨੂੰ ਇਕ ਬਹੁਤ ਅਹਿਮ ਵੇਲੇ ਇਕ ਨਵੀ ਲੀਡਰਸ਼ੀਪ ਦੇ ਹਵਾਲੇ ਕੀਤਾ ਗਿਆ। ਇਸ ਚੋਣ ਦੇ ਫ਼ਾਇਦੇ ਨੁਕਸ਼ਾਨ ਜਾਂ ਪ੍ਰਭਾਵਾਂ ਦੀ ਗੱਲ ਨੂੰ ਪਰ੍ਹੇ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਆਤਮ ਬਲਿਦਾਨ ਨਾਲ ਭਰੀ ਇਸ ਲਹਿਰ ਦੇ ਲੀਡਰ ਖ਼ੁੱਦ ਨੂੰ ਚੋਣਵੇ ਸਿਤਾਰੇ ਦੇ ਰੂਪ ਵਿੱਚ ਆਪਣੀ ਪਛਾਣ ਕਰਵਾਉਣ ਦੇ ਜਜ਼ਬੇ ਤੋਂ ਪੂਰਨ ਰੂਪ ਵਿਚ ਇਨਕਾਰੀ ਸੀ। ਇਸ ਮਾਮਲੇ ਵਿਚ ਕਿਸੇ ਕਿਸਮ ਦਾ ਰੱਤੀ ਭਰ ਵੀ ਵਿਰੋਧ ਨਹੀਂ ਹੋਇਆ ਸੀ। ਕਿਸੇ ਬੰਗਾਲੀ ਲੀਡਰ ਨੂੰ ਚੋਣ ਲਈ ਤਰਜੀਹ ਦੇਣ ਦੇ ਫ਼ੈਸਲੇ ਵਿਚ ਬੰਗਾਲ ਵਿਚ ਫ਼ੈਲਿਆ ਸਰਗਰਮ ਬਗ਼ਾਵਤੀ ਜਜ਼ਬਾ ਇਕ ਖ਼ਾਸ ਵਜਿਹ ਸੀ। ਹਾਲਾਂਕਿ ਇਹ ਵਿਅਕਤੀਗਤ ਦਹਸ਼ਤਗਰਦੀ ਦੇ ਕਾਰਨਾਮਿਆਂ ਤੇ ਕੇਂਦ੍ਰਤ ਸੀ ਪ੍ਰੰਤੂ ਇਹ ਆਸ ਰੱਖੀ ਜਾ ਸਕਦੀ ਸੀ ਕਿ ਉਹ ਪਿਸਤੌਲਾਂ ਅਤੇ ਬੰਬ, ਜੋ ਕਿ ਇਸ ਕ੍ਰਾਂਤੀ ਲਈ ਬੁਰੀ ਤਰ੍ਹਾਂ ਲੋੜੀਂਦੇ ਸਨ, ਉਨਾਂ ਵਲੋਂ ਉਪਲਬੱਧ ਕਰਵਾਏ ਜਾ ਸਕਦੇ ਸਨ।

ਇਸ ਉਪਰੰਤ ਇਨੰਕਲਾਬੀਆਂ ਦੁਆਰਾ ਵੱਡੇ ਪੱਧਰ ਤੇ ਕਾਰਜ ਅੰਜਾਮ ਦਿੱਤੇ ਗਏ ਜਿਸ ਦੇ ਦਾਇਰੇ ਵਿਚ ਸਮੂਹ ਉੱਤਰ ਪੱਛਮੀ ਭਾਰਤ ਸ਼ਾਮਲ ਸੀ ਇੱਥੇ ਬ੍ਰਿਟਿਸ਼ ਭਾਰਤੀ ਸੈਨਾ ਦਾ ਵੱਡਾ ਭਾਗ ਤੈਨਾਤ ਸੀ। ਟ੍ਰਿਬਿਊਨਲ ਦੇ ਜੱਜਾਂ ਨੇ ਅਜਿਹੀਆ 17 ਗਤੀਵਿਧਿਆਂ ਦਾ ਜ਼ਿਕਰ ਕੀਤਾ ਹੈ। ਜਿਸ ਵਿਚੋਂ ਹੇਠ ਲਿਖਿਆਂ ਕੁੱਝ ਗਤੀਵਿਧਿਆ ਸ਼ਾਮਲ ਸਨ:-

ੳ) ਵਿਦਿਆਰਥੀਆਂ ਨੂੰ ਲੁਭਾਉਣਾ- ਖਾਲਸਾ ਅਤੇ ਇਸਲਾਮੀਆ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀਆਂ ਤੇ ਮੁੱਖ ਰੂਪ ਵਿਚ ਕੇਂਦਰਤ ਸੀ, ਜਿਨਾਂ ਵਿਚੋਂ ਵੱਡੀ ਗਿਣਤੀ ਵਿਚ ਸਰਗਰਮ ਇੰਨਕਲਾਬੀ ਸਨ। ਉਨ੍ਹਾਂ ਵਿਚੋਂ ਕੁਝ ਨੂੰ ਫੌਜ਼ ਦੇ ਨਾਲ ਸਰਗਰਮ ਰਾਬਤਾ ਕਾਯਮ ਰੱਖਣ ਵਰਗੇ ਸਵੇਂਦਨਸ਼ੀਲ ਕੰਮ ਸੌਂਪੇ ਗਏ ਸਨ।

ਅ) ਪਿੰਡ ਵਾਲਿਆਂ ਨੂੰ ਲੁਭਾਉਣਾ- ਮਾਲਵਾ ਖੇਤਰ ਦੇ ਗ਼ਦਰੀਆਂ ਦੀ ਇਕੱਤਰਤਾ ਦਾ ਬਿੰਦੂ ਪਿੰਡ ਢੁੱਡੀਕੇ ਸੀ (ਉਸ ਵੇਲੇ ਫ਼ਿਰੋਜਪੁਰ ਅਤੇ ਹੁਣ ਮੋਗਾ ਜਿਲਾ) ਸੀ। ਇਸ ਨੂੰ ਜੱਜਾਂ ਦੁਆਰਾ ਢੁੱਡੀਕੇ ਗੈਂਗ ਆਖਿਆ ਗਿਆ। ਦੁਆਬਾ ਖੇਤਰ ਦੇ ਇੰਨਕਲਾਬੀਆਂ ਦਾ ਮੁੱਖ ਕੇਂਦਰ ਜਲੰਧਰ ਵਿਖੇ ਸੰਗੋਵਾਲ ਸੀ ਜਿਥੋਂ ਇਸ ਲਹਿਰ ਨੂੰ ਸਮੂਹ ਇਲਾਕੇ ਵਿਚ ਫ਼ੈਲਾਇਆ ਜਾ ਰਿਹਾ ਸੀ। ਜਿਲ੍ਹਾ ਅੰਮ੍ਰਿਤਸਰ ਅਤੇ ਉਸ ਵੇਲੇ ਦੇ ਲਾਹੌਰ ਜਿਲ੍ਹੇ ਦੇ ਸੁਰ ਸਿੰਘ-ਦਦੇਹਾਰ-ਮਰਹਾਨਾ ਪਿੰਡ ਮਾਝਾਂ ਖੇਤਰ ਵਿਚ ਸਰਗਰਮੀਆਂ ਫ਼ੈਲਾ ਰਹੇ ਸਨ। ਇਸ ਤੋਂ ਇਲਾਵਾ ਇਕ ਵਿਸ਼ੇਸ਼ ਘਟਨਾ ਇਹ ਹੋਈ ਕਿ ਭਾਈ ਸਾਹਬ ਰਣਧੀਰ ਸਿੰਘ ਦਾ ਜੱਥਾ ਲਹਿਰ ਦੇ ਨਾਲ ਜੁੜ ਗਿਆ। ਸਰਕਾਰ ਦੁਆਰਾ ਦਿੱਲੀ ਵਿਖੇ ਗੁਰਦੁਆਰਾ ਰਕਾਬ ਗੰਜ ਸਾਹਬ ਦੀ ਬੇਅਦਬੀ ਦੇ ਮਸਲੇ ਤੇ ਇਹ ਗੁੱਸੇ ਵਿਚ ਆ ਗਏ ਸੀ। ਜਦੋਂ ਕਿ 1911 ਨੂੰ ਨਵੀਂ ਦਿੱਲੀ ਨੂੰ ਨਵੀਂ ਰਾਜਧਾਨੀ ਬਣਾਉਣ (1913 ਤੱਕ ਰਾਜਧਾਨੀ ਕਲੱਕਤਾ ਸੀ) ਜਦੋਂ ਸਰਕਾਰ ਦੁਆਰਾ ਉਸ ਵੇਲੇ ਦੇ ਵਾਈਸਰਾਏ ਭਵਨ (ਹੁਣ ਰਾਸ਼ਟਰਪਤੀ ਭਵਨ) ਦਾ ਅਹਾਤਾ ਵਧਾ ਕੇ ਗੁਰਦੁਆਰਾ ਸਾਹਬ ਤੱਕ ਵਧਾ ਦਿੱਤਾ ਸੀ, ਤਾਂ ਇਹ ਜੱਥਾ ਲਹਿਰ ਦਾ ਅਹਿਮ ਹਿੱਸਾ ਬਣ ਗਿਆ ਅਤੇ 19 ਫਰਵਰੀ, 1915 ਨੂੰ ਫ਼ਿਰੋਜ਼ਪੁਰ ਵਿਖੇ ਤਜਵੀਜ਼ਤ ਬਗ਼ਾਵਤ ਵਿਚ ਡੂੰਘੀ ਭੂਮਿਕਾ ਨਿਭਾਈ।ਇਸ ਦੇ ਜ਼ਿਆਦਾਤਰ ਮੈਂਬਰ ਨਾਰੰਗਵਾਲ ਦੇ ਸਨ ਜੋ ਕਿ ਲੁਧਿਆਣਾ ਜਿਲ੍ਹੇ ਦੇ ਗੁਜਰਵਾਲ ਸਰਾਭਾ ਖੇਤਰ ਵਿਚ ਹੈ।

ੲ) ਫ਼ੌਜੀਆਂ ਨੂੰ ਰਿਝਾਉਣਾ- ਸਰਕਾਰ ਲਈ ਸਬ ਤੋਂ ਵੱਧ ਪਰੇਸ਼ਾਨੀ ਦਾ ਸਬਬ ਸੀ ਗ਼ਦਰੀਆਂ ਦੁਆਰਾ ਬ੍ਰਿਟਿਸ਼ ਭਾਰਤੀ ਫੌਂਨੂੰ ਆਪਣੇ ਵੱਲ ਕਰਨ ਵਿਚ ਮਿਲੀ ਭਾਰੀ ਸਫ਼ਲਤਾ। ਸਰਕਾਰ ਦੀ ਬੇਰੁਖ਼ੀ ਕਾਰਨ ਇਸ ਅਸਰ ਦੀ ਤਾਕਤ ਅਤੇ ਫ਼ੈਲਾਓ ਖ਼ੁਫ਼ੀਆ ਚੈਂਬਰਾਂ ਵਿਚ ਦਫ਼ਨ ਹੈ। ਇਸ ਸ਼ਾਨਦਾਰ ਸਾਕੇ ਵਿਚ ਭਾਗ ਲੈਣ ਵਾਲਿਆਂ ਨੂੰ ਕੋਰਟ ਮਾਰਸ਼ਲ ਕਰ ਕੇ ਸੰਖੇਪ ਮੁਕੱਦਮਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਤੇ ਉਨ੍ਹਾਂ ਨੇ ਗੋਲਿਆਂ ਖਾ ਕੇ ਸ਼ਹਾਦਤ ਦਿੱਤੀ। ਨਾ ਸਿਰਫ਼ ਭਾਰਤ ਵਿਚ ਬਲਕਿ ਮਲਾਯਾ ਅਤੇ ਸਿੰਗਾਪੁਰ ਵਿਖੇ ਵੀ ਫੌਦੁਆਰਾ ਇਕ ਜੁੱਟ ਹੋ ਕੇ ਬਗ਼ਾਵਤਾਂ ਕੀਤੀਆਂ ਗਈਆਂ।

ਮੀਆਂ-ਮੀਰ ਕੰਨਟੋਨਮੈਂਟ ਲਾਹੌਰ ਜਿੱਥੇਕਿ 23ਵੀਂ ਕੈਵਲਰੀ ਤੈਨਾਤ ਸੀ ਅਤੇ ਫਿਰੋਜ਼ਪੁਰ, ਜਿੱਥੇ26 ਪੰਜਾਬੀ ਦਾ ਕਯਾਮ ਸੀ, ਦੇ ਲਾਗੇ ਦੇ ਇਲਾਕ ਗ਼ਦਰ ੀ ਗਤੀਵਿਧਿਆ ਲਈ ਸਰਗਰਮ ਸਨ। ਕੇਵਲ 23 ਕੇਵਲਰੀ ਵਿਚੋਂ ਹੀ 12 ਫੌਂਨੂੰ ਇਕੋ ਵੇਲੇ ਡਗਸ਼ਈ ਵਿਖੇ ਮੌਤ ਦੀ ਸਜ਼ਾ ਸੁਣਾਈ ਗਈ ਅਤੇ 3.9.1915 ਨੂੰ ਅੰਬਾਲਾ ਸੈਂਟਰ ਜੇਲ ਵਿਚ ਫ਼ਾਂਸੀ ਤੇ ਲਟਕਾ ਦਿਤਾ ਗਿਆ।

ਸ) ਕ੍ਰਾਂਤੀਕਾਰੀ ਸਾਹਿਤ ਨੂੰ ਉਪਰੋਕਤ ਦੱਸੇ ਅਨੁਸਾਰ ਵਰਤਿਆ ਜਾਣਾ।

ਹ) ਖ਼ਜਾਨਿਆਂ ਨੂੰ ਲੁੱਟਣਾ- ਤਜ਼ਵੀਜਤ ਪ੍ਰੰਤੂ ਸਿਰੇ ਨਹੀਂ ਚੜਾਇਆ ਗਿਆ।

ਕ) ਅਸਲਾ ਇਕੱਠਾ ਕਰਨਾ ਅਤੇ ਬੰਬ ਤਿਆਰ ਕਰਨੇ।

**ਹਮਲੇ ਦਾ ਦਿਨ** - **19 ਫਰਵਰੀ 1915**

ਫ਼ੌਜ਼ ਦੀਆਂ ਇਕਾਈਆਂ ਅਤੇ ਜਨਤਾ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 21 ਫਰਵਰੀ ਨੂੰ ਬਗ਼ਾਵਤ ਕਰਨ ਦਾ ਮਹੱਤਵਪੂਰਨ ਫ਼ੈਸਲਾਰਸ਼ ਬਿਹਾਰੀ ਬੋਸ ਦੀ ਕਿਆਦਤ ਹੇਠ 12.2.15 ਨੂੰ ਪਾਰਟੀ ਦੇ ਲਾਹੌਰ ਹੈਡ ਕੁਆਟਰ ਵਿਖੇ ਲਿਆ ਗਿਆ ਸੀ।

ਇਸ ਅਨੁਸਾਰ ਸਬ ਸੈਂਟਰਾਂ ਤੇ ਸੰਦੇਸੇ ਭੇਜੇ ਗਏ ਸਨ ਅਤੇ ਇੰਝ ਬਗ਼ਾਵਤ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਪ੍ਰੰਤੂ ਇਸੇ ਦੌਰਾਨ ਕ੍ਰਿਪਾਲ ਸਿੰਘ, ਇਕ ਜਸੂਸ ਜੋ ਕਿ ਇਸ ਕੰਮ ਲਈ ਛੱਡਿਆ ਗਿਆ ਸੀ, ਦੀ ਮਦਦ ਨਾਲ ਪੁਲਿਸ ਸਬ ਤੋਂ ਅੰਦਰਲੇ ਘੇਰੇ ਵਿਚ ਪਹੁੰਚ ਗਈ। ਕਿਸੇ ਤਰ੍ਹਾਂ ਲੀਡਰਾਂ ਨੂੰ ਪਤਾ ਲਗ ਗਿਆ ਸੀ ਕਿ ਪੁਲਿਸ ਨੂੰ 21 ਤਰੀਖ ਬਾਰੇ ਭਨਕ ਪੈ ਚੁੱਕੀ ਹੈ ਇਸ ਲਈ 16 ਜਾਂ 17

ਫਰਵਰੀ ਨੂੰ ਬਗ਼ਾਵਤ ਦੀ ਤਰੀਖ ਨੂੰ ਅਗਾਂਹ ਕਰਕੇ 19 ਫਰਵਰੀ ਨਿਸ਼ਚਿਤ ਕਰ ਦਿੱਤਾ ਗਿਆ ਤਾਂ ਜੋ ਸਰਕਾਰ ਦੇ ਹਮਲੇ ਨੂੰ ਬੇਅਸਰ ਕੀਤਾ ਜਾ ਸਕੇ। ਪ੍ਰੰਤੂ ਚੰਟ ਕ੍ਰਿਪਾਲ ਨੂੰ 19 ਦੀ ਸਵੇਰ ਵੇਲੇ ਇਸ ਬਾਰੇ ਵੀ ਭਨਕ ਮਿਲ ਗਈ ਅਤੇ ਉਸ ਨੇ ਪਾਰਟੀ ਹੈਡ ਕੁਆਟਰ ਤੇ ਪੁਲਿਸ ਦਾ ਛਾਪਾ ਉਸੇ ਦੁਪਹਿਰ ਕਰਵਾ ਦਿਤਾ।

ਗ਼ਦਰੀਆਂ ਨੂੰ ਪੁਲਿਸ ਦੁਆਰਾ ਲਾਹੌਰ ਵਿਖੇ ਉਪਰੋਕਤ ਛਾਪੇ ਬਾਰੇ ਕੁੱਝ ਪਤਾ ਨਹੀਂ ਸੀ ਅਤੇ ਉਹ ਆਪਣੀ ਯੌਜਨਾ ਮੁਤਾਬਿਕ ਅਗਲੇਰੀ ਕਾਰਵਾਈ ਕਰਨ ਲਗੇ। ਕਰਤਾਰ ਸਿੰਘ ਦੀ ਕਮਾਨ ਹੇਠ ਭਾਰੀ ਗਿਣਤੀ ਵਿਚ ਗ਼ਦਰੀ ਫਿਰੋਜ਼ਪੁਰ ਕੰਨਟੋਨਮੈਂਟ ਦੇ ਬਾਹਰ ਦੇ ਇਲਾਕੇ ਵਿਚ ਇਕੱਠੇ ਹੋ ਗਏ। ਉਹ ਆਰਮੀ ਲਾਈਨਸ ਵਿਚ ਗਿਆ ਪ੍ਰੰਤੂ ਤਾਰੀਖ ਦੀ ਸੂਚਨਾ ਲੀਕ ਹੋ ਜਾਣ ਕਰਕੇ ਸਾਰਾ ਮਾਹੌਲ ਬਦਲ ਗਿਆ ਸੀ। ਉਹ ਨਿਰਾਸ ਹੋ ਕੇ ਵਾਪਸ ਪਰਤਿਆ ਅਤੇ ਸਬ ਨੂੰ ਖਿੰਡ ਜਾਣ ਲਈ ਕਿਹਾ। 60 ਜਾਂ 50 ਮੈਂਬਰਾਂ ਸਮੇਤ ਭਾਈ ਸਾਹਿਬ ਰਣਧੀਰ ਸਿੰਘ ਦੇ ਜੱਥੇ ਨੇ ਨੀਲੇ ਰੰਗ ਦੇ ਕਪੜੇ ਪਾਏ ਹੋਏ ਸਨ ਅਤੇ ਹਰਮੋਨੀਅਮ ਚੁੱਕੇ ਹੋਏ ਸਨ ਜਿਸ ਨਾਲ ਕਿ "ਕੀਰਤਨੀ ਜੱਥੇ" ਦਾ ਸਰੂਪ ਪ੍ਰਤੀਤ ਹੋਵੇ। ਉਹ ਸਾਰੇ ਮੁਲਾਂਪੁਰ (ਦਾਖਾ), ਜੋ ਲੁਧਿਆਣਾ ਤੋਂ 10 ਮੀਲ ਦੂਰੀ ਤੇ ਹੈ, (19.2.15 ਨੂੰ) ਫਿਰੋਜ਼ਪੁਰ ਲਈ ਰੇਲਗੱਡੀ ਵਿਚ ਦਾਖ਼ਲ ਹੋਏ। ਇਹ ਗੁੱਜਰਵਾਲ, ਨਾਰੰਗਵਾਲ ਸਬ ਤੋ ਨੇੜੇ ਸੀ।(ਇਨਾਂ ਵਿਚੋ ਕਈਆਂ ਦੀ ਸ਼ਨਾਖਤ ਬਾਅਦ ਵਿਚ ਹੋਈ, ਅਤੇ ਉਨ੍ਹਾਂ ਤੇ ਸਪਲੀਮੈਂਟਰੀ ਲਾਹੌਰ ਸਾਜ਼ਸ ਦਾ ਮੁਕੱਦਮਾ ਚਲਾਇਆ ਗਿਆ।)

"ਕੀਮਤ"

ਇਸ ਪ੍ਰਕਾਰ "ਬੁਰਾਈ ਨੂੰ ਸ਼ੁਰੂਆਤੀ ਦੌਰ ਵਿਚ ਹੀ ਖ਼ਤਮ ਕਰਨ" ਉਪਰੰਤ ਸਰਕਾਰੀ ਮਸ਼ੀਨਰੀ ਤਗੜੀ ਹਰਕਤ ਵਿਚ ਆ ਗਈ। ਪੰਜਾਬ ਦਾ ਗਵਰਨਰ ਸਰ ਮਾਈਕਲ ਓ ਡਾਅਰ (ਜਿਸ ਨੇ ਕਿ 1919 ਵਿਚ ਜਲਿਆਂਵਾਲਾ ਬਾਗ ਦੇ ਕਦਾ ਹੁਕਮ ਦਿੱਤਾ ਸੀ ਅਤੇ ਜਿਸ ਨੂੰ ਅੰਤ ਵਿਚ ਸਹੀਦ ਉਧਮ ਸਿੰਘ ਨੇ 1940 ਵਿਚ ਮਾਰ ਮੁਕਾਇਆ ਸੀ), ਨੇ ਬ੍ਰਿਟਿਸ਼ ਪਾਰਲੀਮੇਂਟ ਦੀ ਇਕ ਨੋਟੀਫਿਕੇਸ਼ਨ ਨੂੰ ਘੁਮਾ-ਫਿਰਾ ਕੇ ਇਕ ਚੀਫ਼ ਅਤੇ ਦੋ ਸਪੈਸ਼ਲ ਕਮਿਸ਼ਨਰਾਂ (ਜੱਜ ਨਹੀਂ) ਵਾਲਾ ਇਕ ਟ੍ਰਿਬਿਊਨਲ ਬਣਵਾ ਲਿਆ ਜਿਸ ਕੋਲ ਬੇਅੰਤ ਅਧਿਕਾਰ ਸਨ ਅਤੇ "ਨਾ ਵਕੀਲ, ਨਾ ਦਲੀਲ ਨਾ ਅਪੀਲ"।

(ੳ) ਲਾਹੌਰ ਸਾਜ਼ਿਸ਼ ਕੇਸ

ਟ੍ਰਿਬਿਊਨਲ ਨੂੰ ਪੇਸ਼ ਕੀਤੇ ਇਸ "ਕੋਰੇ ਚੈਕ" ਦਾ ਪੰਜਾਬ ਦੇ ਭਾਰਤ ਵਿਰੋਧੀ ਗਵਰਨਰ ਨੇ ਰੱਜ ਕੇ ਫ਼ਾਇਦਾ ਉਠਾਇਆ। ਲਾਹੌਰ ਸਾਜ਼ਿਸ਼ ਕੇਸ ਵਿਚ ਇਸ ਦੇ ਸਨਮੁੱਖ ਪੇਸ਼ ਕੀਤੇ 61 ਮੁਲਜ਼ਮਾਂ ਵਿਚੋ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ, 27 ਦੀ ਜਾਇਦਾਦ ਜ਼ਬਤ ਕਰਕੇ ਕਾਲੇ ਪਾਣੀ ਦੀ ਸਜ਼ਾ ਸੁਣਾਈ, 6 ਨੂੰ ਕੁਝ ਹਲਕਿਆਂ ਸਜਾਵਾਂ ਸੁਣਾਈਆਂ ਗਈਆਂ ਅਤੇ 4 ਨੂੰ ਬਰੀ ਕੀਤਾ ਗਿਆ।

ਜ਼ਿਆਦਾਤਰ ਮੁਲਾਜ਼ਮਾਂ ਬਾਰੇ ਸੁਣਾਇਆ ਗਿਆ ਫ਼ਸਲਾਬਹੁਤ ਹੀ ਲਚਰ ਢੰਗ ਨਾਲ ਲਿਖਿਆ ਗਿਆ ਸੀ ਜੋ ਕਿ ਅਪੀਲੇਟ ਅਦਾਲਤ ਵਿਚ ਕਾਇਮ ਨਹੀਂ ਰਹਿ ਸਕਦਾ ਸੀ। ਖੈਜੋ ਵੀ ਸੀ ਇਕੋ ਸਾਰ 24 ਲੋਕਾਂ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੇ ਭਾਰਤ ਵਿਚ ਸਰਬ ਉੱਚ ਅਥਾਰਟੀ ਭਾਵ ਗਵਰਨਰ ਜਨਰਲ ਦਾ ਧਿਆਨ ਖਿੱਚਿਆ। ਕਾਨੂੰਨੀ ਤਕਦੇ ਤੌਰ ਤੇ ਪੰਜਾਬ ਗਵਰਨਰ ਨੇ ਇਸ ਸਜ਼ਾ ਨੂੰ ਪੱਕਾ ਘੋਸ਼ਿਤ ਕਰ ਦਿੱਤਾ।

ਇਨ੍ਹਾਂ ਚੱਵੀਆਂ ਵਿਚੋ 1 ਜਾਂ 2 ਨੇ ਰਹਿਮ ਦੀ ਪਟੀਸ਼ਨ ਦਾ ਰਸਤਾ ਅਖ਼ਤਿਆਰ ਕੀਤਾ।ਇਸ ਪ੍ਰਕਾਰ ਕਾਨੂੰਨੀ ਤਕਦੀ ਥਾਂ ਵਧੇਰੇ ਵਿਵਹਾਰਿਕ ਤਕਦੇ ਤਹਿਤ ਮਾਮਲਾ ਗਵਰਨਰ ਜਨਰਲ ਦੀ ਕਾਉਂਸਿਲ ਦੇ ਸਾਹਮਣੇ ਪੇਸ਼ ਹੋਇਆ।

ਮਿਤੀ 13.9.1915 ਨੂੰ ਫ਼ੈਸਲਾ ਸੁਣਾਇਆ ਗਿਆ ਸੀ। ਇਨ੍ਹਾਂ 24 ਕੈਨੂੰ "ਕਾਲ ਕੋਠੜੀਆਂ" ਵਿਚ ਪਾ ਦਿੱਤਾ ਗਿਆ ਸੀ। ਉਨ੍ਹਾਂ ਨੂੰ ਗੋਲੀ ਨਾਲ ਉੜਾਏ ਜਾਣ ਦੀ ਮਿਤੀ 5.10.1915 ਤੈਅ ਕੀਤੀ ਗਈ। ਉਨ੍ਹਾਂ ਨੇ ਆਪਣੀ ਆਖ਼ਰੀ ਰਾਤ ਆਪਣੀ ਕੋਠੜੀਆਂ ਵਿਚੋ ਉਂਚੀ ਅਵਾਜ਼ ਵਿਚ ਦੁਆ ਸਲਾਮ ਅਤੇ ਕਵਿਤਾਵਾਂ ਉਚਾਰਦੇ ਅਤੇ ਅਜ਼ਾਦੀ ਦੀ ਵੇਦੀ ਤੇ ਬਲਿਦਾਨ ਦੇਣ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਣਾਉਣ ਨੂੰ ਜ਼ਾਹਰ ਕਰਦਿਆਂ ਬਤੀਤ ਕੀਤੀ।5 ਅਕਤੂਬਰ ਦੀ ਸਵਰ ਉਹ ਦਰਵਾਜੇ ਤੇ ਵਾਰਡਰ ਦੇ ਖਟਕੇ ਦੀ ਇੰਤਜ਼ਾਰ ਕਰ ਰਹੇ ਸਨ ਜਦੋਂ ਕਿ ਉਹ "ਆਖਰੀ ਇਸ਼ਨਾਨ" ਲਈ ਪਾਣੀ ਦੀ ਬਾਲਟੀ ਲੈ ਕੇ ਆਵੇਗਾ ਪ੍ਰੰਤੂ ਅਜਿਹਾ ਹੋਣ ਦੀ ਥਾਂ, ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਮੁਲਤਵੀ ਕਰਨ ਬਾਰੇ ਦੱਸਿਆ ਗਿਆ।

ਬਾਬਾ ਸੋਹਨ ਸਿੰਘ ਭਕਨਾ, ਜੋ ਕਿ ਇਨ੍ਹਾਂ 24 ਬੰਦੀਆਂ ਵਿਚ ਖ਼ੁਦ ਵੀ ਸ਼ਾਮਲ ਸਨ, ਨੇ ਆਪਣੀ ਆਤਮ ਕਥਾ "ਜੀਵਨ ਸੰਗ੍ਰਾਮ" ਵਿਚ ਇਹ ਵਿਸਥਾਰਪੂਰਵਕ ਬਿਆਨਿਆ ਹੈ ਕਿ ਗਵਰਨਰ ਜਨਰਲ ਨੂੰ ਮੁਲਕ ਦੀ ਅਜ਼ਾਦੀ ਦੇ ਵਿਚ ਇਸ ਤਰ੍ਹਾਂ ਦਖ਼ਲ ਦੇਣ ਦੀ ਦਰਅਸਲ ਲੋੜ ਕਿਉਂ ਪਈ। "ਸਾਨੂੰ ਪਤਾ ਲਗਿਆ ਕਿ ਸ੍ਰੀ ਰਘੁਨਾਥ ਸਹਾਏ ਅਤੇ ਮੁੱਦੇ ਦੇ ਹੋਰ ਪੈਰੋਕਾਰ ਜੋ "ਟ੍ਰਾਇਲ" ਦੀ ਪੈਰਵੀ ਕਰ ਰਹੇ ਸਨ, ਨੇ ਆਪਣੇ ਤੌਰ ਤੇ ਵਕੀਲਾਂ ਦੀ ਇਕ ਕਮੇਟੀ ਗਠਿਤ ਕੀਤੀ ਜੋ ਕਿ ਸਮੇਤ ਕਾਗ਼ਜ਼ਾਤ ਪੰਡਿਤ ਜਵਾਹਰ ਲਾਲ ਨਹਿਰੂ ਦੇ ਪਿਤਾ ਪੰਡਿਤ ਮੋਤੀ ਲਾਲ ਨਹਿਰੂ ਕੋਲ ਅਲਾਹਾਬਾਦ ਵਿਖੇ ਗਏ। ਪੰਡਿਤ ਨਹਿਰੂ ਦੀ ਰਾਏ ਅਨੁਸਾਰ ਇਨਾਂ 24 ਵਿਚੋਂ ਘਟੋ ਘੱਟ 17 ਇਹੋ ਜਿਹੇ ਸਨ ਜੋ ਕਿ ਭਾਰਤ ਭੂਮੀ ਤੇ ਕਦਮ ਰੱਖਣ ਤੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਉਸ ਉਪਰੰਤ ਉਹ ਵਾਏਸਰਾਏ ਦੇ ਭਾਰਤੀ ਕਾਨੂੰਨੀ ਮੈਂਬਰ ਜਿਵੇਂ ਸਰ ਅਲੀ ਇਮਾਮ ਨੂੰ ਮਿਲੇ ਅਤੇ ਉਨ੍ਹਾਂ ਨੂੰ ਗਵਰਨਰ ਜਨਰਲ ਨਾਲ ਇਸ ਬਾਰੇ ਤਰਕ ਕਰਨ ਲਈ ਪ੍ਰੇਰਿਆ ਜਿਸ ਦੇ ਨਤੀਜੇ ਵਜੋ ਕੇਸ ਦੀ ਸਕਰੀਨਿੰਗ ਕੀਤੀ ਗਈ।[13]

ਜਦੋਂ ਕਾਨੂੰਨੀ ਪੱਖ ਤੋਂ ਕੇਸ ਦੇ ਸਬੂਤਾਂ ਦਾ ਨਿਰੀਖਣ ਕੀਤਾ ਗਿਆ ਤਾਂ ਉਸ ਵਿਚ ਪਾਏ ਜਾਣ ਵਾਲੇ ਨੁਕਸ ਕਾਬਲੇ ਗੌਸਨ।ਟ੍ਰਿਬਿਊਨਲ ਨੇ ਬੜੀ ਸਰਲ ਜਿਹੀ ਧਾਰਨਾ ਦੀ ਬਿਨਾਹ ਤੇ ਕਾਰਵਾਈ ਕੀਤੀ ਸੀ ਕਿ ਸਾਰੇ ਮੁਲਜ਼ਮ ਸਾਜਿਸ਼ਕਾਰਾਂ ਵਲੋਂ ਕੀਤੇ ਗਏ ਕਾਰੇ ਜੋ ਕਿ ਜੁਲਾਈ-ਅਗਸਤ, 1914 ਤੱਕ ਕੀਤੇ ਗਏ ਸਨ, ਜੰਗ ਛੇਡਣ ਲਈ ਕੀਤੇ ਸਾਜ਼ਸੀ ਕਾਰੇ ਸਨ ਅਤੇ ਜਦੋਂ ਜੰਗ ਸ਼ੁਰੂ ਹੋ ਗਈ ਤਾਂ ਉਸ ਦੇ ਬਾਅਦ ਕੀਤੇ ਗਏ ਕਾਰਜ ਜੰਗ ਨੂੰ ਹੋਰ ਵਧਾਉਣ ਅਤੇ ਇਸ ਨੂੰ ਜਾਰੀ ਰੱਖਣ ਵਿਚ ਸਹਾਇਕ ਮੰਨੇ ਜਾਣੇ ਹਨ।

ਤਾਜ਼ੀਰਾਤ-ਏ-ਹਿੰਦ ਤਹਿਤ ਸਾਜ਼ਿਸ਼ ਦੇ ਦੋਸ਼ ਲਈ ਉਮਰਕਜਦ ਕਿ ਜੰਗ ਛੇੜਨ ਲਈ ਸਜ਼ਾ-ਏ-ਮੌਤ ਵੀ ਸੁਣਾਈ ਜਾ ਸਕਦੀ ਹੈ।ਮੁੱਢਲੇ ਤੋਰ ਤੇ ਟ੍ਰਿਬਿਊਨਲ ਨੇ 4 ਅਗਸਤ, 1914 ਦੇ "ਐਲਾਨ-ਏ-ਜੰਗ" ਨੂੰ ਜੰਗ ਛੇੜਨ ਦਾ ਪੁਖ਼ਤਾ ਸਬੂਤ ਮੰਨਿਆ ਕਿਉਂਕਿ ਬਾਅਦ ਕੀਤੇ ਸਾਰੇ ਜੁਰਮ ਸਾਜ਼ਿਸ਼ਕਾਰਾਂ ਵਲੋਂ ਖ਼ੁਦ-ਬ-ਖ਼ੁਦ ਜੰਗੀ ਕਾਰਜਾਂ ਦੀ ਸ਼੍ਰੇਣੀ ਵਿਚ ਗਿਣੇ ਜਾਣਗੇ ਕਿਉਂਕਿ ਇਸ ਸਪਸ਼ਟ ਦਲੀਲ ਅਨੁਸਾਰ ਇਨ੍ਹਾਂ ਕਾਰਜਾਂ ਨੂੰ ਜੰਗੀ ਹੀ ਤਸੱਵਰ ਕੀਤਾ ਜਾਣਾ ਸੀ।

ਜੋ ਵੀ ਹੋਵੇ ਸਰ ਮਾਈਕਲ ਓ ਡਾਇਰ ਵਰਗੇ ਬੰਦਿਆਂ ਦੀ ਨਿਰਾਸਾ ਦੀ ਕੋਈ ਹੱਦ ਨਾ ਰਹੀ ਜਦੋਂ ਬਾਬਾ ਸੋਹਨ ਸਿੰਘ ਭਕਨਾ ਵਰਗੇ "ਪ੍ਰਮੁੱਖ ਸਾਜ਼ਸ਼ੀ ਅਤੇ ਜੰਗ ਪ੍ਰੇਰੂ" ਫ਼ਾਂਸੀ ਦੇ ਫ਼ਾਹੇ ਤੋਂ ਬੱਚ ਗਏ ਜਦ ਕਿ ਗਿੱਲਵਾਲੀ (ਅੰਮ੍ਰਿਤਸਰ) ਦੇ ਸਰਦਾਰ ਬਖਸ਼ੀਸ ਸਿੰਘ, ਸਰਦਾਰ ਸੁਰੇਣ ਸਿੰਘ ਪੁੱਤਰ ਸਰਦਾਰ ਬੂਰ ਸਿੰਘ ਅਤੇ ਸਰਦਾਰ ਸੁਰੇਣ ਸਿੰਘ ਪੁੱਤਰ ਸਰਦਾਰ ਇਸਰ ਸਿੰਘ ਵਰਗੇ ਤਿੰਨ ਅਨਜਾਨ ਸਥਾਨਕ ਸਹਿਯੋਗੀਆਂ ਨੂੰ ਫ਼ਾਂਸੀ ਤੇ ਲਟਕਾ ਦਿੱਤਾ ਗਿਆ (ਇਸ ਤੋਂ ਇਲਾਵਾ ਚਾਰ ਪ੍ਰਮੁੱਖ ਕ੍ਰਾਂਤੀਕਾਰੀ ਜਿਵੇ ਸਰਦਾਰ ਕਰਤਾਰ ਸਿੰਘ ਸਰਾਭਾ, ਸ੍ਰੀ ਵਿਸ਼ਨੂੰ ਗਨੇਸ਼ ਪਿੰਗਲੇ, ਸਰਦਾਰ ਹਰਨਾਮ ਸਿੰਘ (ਸਿਆਲਕੋਟ) ਅਤੇ ਸੁਰਸਿੰਘ (ਅੰਮ੍ਰਿਤਸਰ) ਦੇ ਸਰਦਾਰ ਜਗਤ ਸਿੰਘ ਨੂੰ ਫ਼ਾਂਸੀ ਚੜ੍ਹਾ ਦਿੱਛਾ ਗਿਆ ਸੀ)

ਫੈਸਲੇ ਦੇ ਬਾਅਦ ਪੈਦਾ ਹੋਏ ਹਾਲਾਤਾਂ ਤੋਂ ਨਿਕਲੇ ਨਤੀਜਿਆਂ ਨੂੰ ਟ੍ਰਿਬਿਊਨਲ ਨੂੰ "ਚੰਗੀ ਤਰ੍ਹਾਂ" ਸਮਝ ਲਿਆ ਸੀ। ਜਦੋਂ ਉਨ੍ਹਾਂ ਨੇ ਆਪਣਾ ਫ਼ੈਸਲਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ੀ ਕੇਸ ਵਿਚ ਦਿੱਤਾ ਤਾਂ ਇਹ ਗੱਲ ਜਗ ਜ਼ਾਹਰ ਹੋ ਗਈ।

(ਅ) ਰਾਜੇ ਤੋ ਵੱਧ ਵਫ਼ਾਦਾਰ

ਸਿੱਖ ਸਾਮੰਤ ਵਰਗ, ਜੋ ਕਿ ਹਮੇਸ਼ਾ ਆਪਣੇ ਬ੍ਰਿਟਿਸ਼ ਸਰਪਰਸਤਾਂ ਦੀ ਜੀ-ਹਜ਼ੂਰੀ ਵਿਚ ਲੱਗਿਆ ਰਹਿੰਦਾ ਸੀ, ਨੇ "ਗੁਰੂ ਬਖ਼ਸ਼ੀ ਬ੍ਰਿਟਿਸ਼ ਸਤਾ ਦੁਆਰਾ ਇਨਾਂ ਗ਼ੈਰ ਸ਼ੁਕਰੇ ਕਾਫ਼ਰਾਂ ਨੂੰ ਉਨ੍ਹਾਂ ਦੀ ਅਸਲੀ ਥਾਂ ਜਗ੍ਹਾ ਵਿਖਾਉਣ ਅਤੇ ਹੋਰ ਬਹੁਤ ਸਾਰੇ ਜੋ ਕਿ ਫ਼ਾਂਸੀ ਚੜ੍ਹਾਏ ਜਾ ਸਕਦੇ ਸਨ, ਨੂੰ ਰਹਿਮ ਨਾਲ ਬਖ਼ਸ ਦੇਣ ਦੀ ਖ਼ਾਤਰ ਹਾਕਮਾਂ ਦੀਆਂ ਤਰੀਫਾਂ ਦੇ ਪੁੱਲ ਬੰਨ੍ਹ ਦਿੱਤੇ ਅਤੇ ਇਹ ਵੀ ਬੇਨਤੀ ਕੀਤੀ ਕਿ ਟ੍ਰਿਬਿਊਨਲ ਦੁਆਰਾ ਸੁਣਾਏ ਇਸ ਨਰਮ ਫ਼ੈਸਲੇ ਨੂੰ ਸਿਰੇ ਚੜ੍ਹਾਉਣ ਵਿਚ ਕਿਸੇ ਕਿਸਮ ਦਾ ਰਹਿਮ ਨਾ ਵਰਤਿਆ ਜਾਵੇ।

(ੲ) ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ

ਹੁਣ ਜੋ ਸਜ਼ਾਵਾ ਦਿਤੀਆਂ ਗਈਆਂ ਉਹ ਪਹਿਲਾਂ ਦੀ ਤੁਲਨਾ ਵਿਚ ਕੁਝ ਹਦ ਤੱਕ ਨਰਮ ਸਨ ਕਿਉਂਕਿ ਇਸ ਲਹਿਰ ਦੇ ਵਧੇਰੇ ਆਗੂਆ ਦਾ ਪਹਿਲੇ ਵਾਲੇ ਕੇਸ ਵਿਚ ਨਿਪਟਾਰਾ ਕਰ ਦਿੱਤਾ ਗਿਆ ਸੀ। ਕੁਝ 74 ਲੋਕਾਂ ਵਿਰੁੱਧ ਚਲਾਏ ਕੇਸ ਵਿਚ 5

(ਦਰਅਸਲ 4) ਨੂੰ ਮੌਤ ਦੀ ਸਜ਼ਾ ਸੁਣਾਈ ਗਈ, 18 ਨੂੰ ਕਾਲੇ ਪਾਣੀ ਅਤੇ 36 ਨੂੰ ਕੁਝ ਹਲਕੀਆਂ ਸਜ਼ਾਵਾਂ ਅਤੇ 15 ਨੂੰ ਬਰੀ ਕਰ ਦਿੱਤਾ ਗਿਆ।

ਬਾਅਦ ਵਿਚ ਇਸ ਕੜੀ ਵਿਚ ਹੋਰ ਵੀ ਮੁਕੱਦਮੇ ਚਲਾਏ ਗਏ ਜੋ ਕਿ ਚੌਥੇ ਸਪਲੀਮੈਂਟਰੀ ਕੇਸ ਤਕ ਚੱਲੇ। ਇਨਾਂ ਵਿੱਚ ਕੁਝ ਉਹ ਕੇਸ ਵਿਚਾਰੇ ਗਏ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਬਾਅਦ ਵਿਚ ਗ੍ਰਿਫਤਾਰ ਕੀਤਾ ਗਿਆ ਸੀ (ਜੋ ਕਿ ਪਹਿਲਾਂ 'ਭਗੌੜੇ' ਸਨ)।

ਇਸ ਤੋਂ ਇਲਾਵਾ ਇਸ ਨਾਲ ਜੁੜੇ ਹੋਏ ਬਹੁਤ ਸਾਰੇ ਕੇਸਾਂ ਦੀ ਇਕ ਲੜੀ ਸੀ ਜਿਵੇਂ ਮੰਡੀ (ਹਿਮਾਚਲ ਪ੍ਰਦੇਸ਼) ਸਾਜ਼ਿਸ਼ ਕੇਸ, ਬਰਮਾ ਸਾਜੀਸ਼ ਕੇਸ (1 ਅਤੇ 2), ਬਨਾਰਸ ਸਾਜ਼ਿਸ਼ ਕੇਸ 1 ਅਤੇ 2, ਫਿਰੋਜ਼ਸਹਿਰ ਕਤਲ ਕੇਸ, ਅਨਾਰਕਲੀ ਕਤਲ ਕੇਸ, ਜਗਤਪੁਰ ਕਤਲ ਕੇਸ, ਨੰਗਲ ਕਲਾਂ ਕਤਲ ਕੇਸ, ਪਾਦਰੀ ਕਤਲ ਕੇਸ, ਵਾਲਾ ਬ੍ਰਿਜ ਹਮਲਾ ਕੇਸ ਅਤੇ ਅਮਰੀਕਾ ਵਿਚ ਸ਼ਿਕਾਗੋ ਸਾਜ਼ਿਸ਼ ਅਤੇ ਸੈਨ ਫ੍ਰਾਂਸਿਸਕੋ ਸਾਜ਼ਿਸ਼ ਕੇਸ।

(ਸ) ਕੋਰਟ ਮਾਰਸ਼ਲ

ਜਿਵੇਂ ਪਹਿਲਾਂ ਬਿਆਨਿਆ ਗਿਆ ਹੈ ਕਿ ਜਿਹੜੇ ਫ਼ੌਜੀਆਂ ਨੇ ਗ਼ਦਰੀਆਂ ਦੇ ਹੁੰਗਾਰੇ ਦਾ ਲੱੜ ਫ਼ੜਿਆ ਅਤੇ ਬਗ਼ਾਵਤ ਕੀਤੀ, ਉਹਨਾਂ ਤੇ ਕਿਸ ਪ੍ਰਕਾਰ ਅੱਤ ਦੀਆਂ ਸਜਾਵਾਂ ਆਇਦ ਕੀਤੀਆਂ ਗਈਆਂ। ਸਿੰਗਾਪੁਰ ਵਿਚ 41 ਨੂੰ ਜਨਤਾ ਸਾਹਮਣੇ ਗੋਲੀ ਮਾਰ ਦਿੱਤੀ ਗਈ ਅਤੇ 3 ਨੂੰ ਫ਼ਾਂਸੀ ਲਟਕਾ ਦਿੱਤਾ ਗਿਆ, 12 ਨੂੰ ਅੰਬਾਲਾ ਵਿਖੇ ਫ਼ਾਂਸੀ 'ਤੇ ਲਟਕਾਇਆ ਗਿਆ ਜਦ ਕਿ ਸੈਂਕੜਿਆਂ ਨੂੰ ਉਮਰ ਕੈਦ ਲਈ ਅੰਡੇਮਾਨ ਭੇਜ ਦਿੱਤਾ ਗਿਆ।

ਇਸ ਲਿਖਾਰੀ ਦੁਆਰਾ ਹਾਲ ਵਿਚ ਹੀ ਇਕ ਕਿਤਾਬ ਲਿਖੀ ਗਈ ਹੈ ਜਿਸ ਦਾ ਸਿਰਨਾਵਾਂ ਹੈ "ਸੋਲਜਰਜ਼ ਇੰਨ ਰਿਵੋਲਟ"। ਇਸ ਵਿਚ ਭਾਰਤੀ ਫ"ਜ ਅੰਦਰ ਹੋਈਆਂ ਬਗਾਵਤਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ।[16]

ਇਹ ਦੱਸਣਾ ਜ਼ਰੂਰੀ ਹੈ ਕਿ ਗ਼ਦਰ ਲਈ ਭਾਰਤ ਪਰਤ ਰਹੇ ਗ਼ਦਰੀਆਂ ਵੱਲੋਂ, ਰਸਤੇ ਵਿਚ ਆਉਣ ਵਾਲੀਆਂ ਬੰਦਰਗਾਹਾਂ ਤੇ ਤੈਨਾਤ ਭਾਰਤੀ ਫ਼ੌਜੀਆਂ ਨੂੰ ਖੁਲ੍ਹੇ ਤੌਰ ਤੇ ਲਹਿਰ ਵਿਚ ਸ਼ਾਮਲ ਹੋਣ ਬਾਰੇ ਪਹੁੰਚ ਕੀਤੀ ਗਈ ਸੀ।

(ਹ) ਕੀ ਇਹ ਸਬ ਕੁਝ ਸਾਜ਼ਿਸ਼ ਸੀ?

ਸਾਜ਼ਿਸ਼ ਹਮੇਸ਼ਾ ਲੁਕੀ ਹੋਈ ਗੁਪਤ ਅਤੇ ਢਕੀ ਹੋਈ ਹੁੰਦੀ ਹੈ, ਨਹੀਂ ਤਾਂ ਇਹ ਸਾਜ਼ਿਸ਼ ਨਹੀਂ ਹੋ ਸਕਦੀ। ਇਸ ਲਹਿਰ ਦੀ ਸ਼ੁਰੂਆਤ ਅਤੇ ਵਿਕਾਸ ਬਾਰੇ ਸਾਰੇ ਵੇਰਵਿਆਂ ਵਿਚ, ਜੋ ਕਿ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਫ਼ੈਸਲੇ ਵਿਚ ਸਪਸ਼ਟ ਰੂਪ ਵਿਚ ਦਰਸਾਏ ਗਏ ਹਨ, ਇਸ ਪਹਿਲੂ ਦੀ ਪੂਰਨ ਗ਼ੈਰ ਮੌਜੂਦਗੀ ਪਾਈ ਗਈ ਹੈ। ਪਹਿਲੇ ਦਿਨ ਤੋਂ ਸਭ ਕੁਝ ਖੁੱਲ੍ਹਾ, ਬਿਲਕੁਲ ਸਰੇਆਮ ਸੀ। ਮੁਹਾਵਰੇ ਦੇ ਤਰ ਤੇ ਸਿਰਫ਼ ਇਕੋ ਹੀ ਅਪਵਾਦ ਸੀ ਜਿਸ ਨਾਲ ਕਿ ਇਹ ਨਿਯਮ ਸਿੱਧ ਹੁੰਦਾ ਹੈ ਉਹ ਸੀ– ਬਗ਼ਾਵਤ ਦੀ ਤਰੀਖ਼ ਦੀ ਚੋਣ– 21 ਫਰਵਰੀ ਅਤੇ ਬਾਅਦ ਵਿਚ 19 ਫਰਵਰੀ, 1915।

ਇਹ ਮੰਨਿਆ ਜਾਂਦਾ ਹੈ ਕਿ ਸਾਜ਼ਸ਼ੀ ਪਹਿਲੂ ਦਾ ਸਬੰਧ ਸ਼ਕੀ "ਜਰਮਨ ਸੰਬੰਧ" ਨਾਲ ਸੀ, ਜਿਸ ਨੂੰ ਕਿ "ਬਾਗੀਆਂ ਦਾ ਜਰਮਨੀ ਨਾਲ ਸਬੰਧ" ਸਿਰਨਾਵੇ ਹੇਠ ਵਿਚਾਰਿਆ ਗਿਆ ਸੀ।

ਇਹ ਪੂਰੀ ਤਰ੍ਹਾਂ ਸਮਝ ਆਣ ਵਾਲੀ ਗੱਲ ਹੈ ਕਿ ਕੋਈ ਵੀ ਸਬੂਤ ਪੇਸ਼ ਨਾ ਹੋਣ ਕਰਕੇ ਟ੍ਰਿਬਿਊਨਲ ਦੁਆਰਾ ਇਹੋ ਜਿਹੇ ਸੰਕੇਤ ਲੱਭੇ ਗਏ ਜੋ ਕਿ ਇਹ ਸੁਝਾਉਂਦੇ ਸਨ ਕਿ ਜਰਮਨ ਵਿਅਕਤੀਆਂ ਦੁਆਰਾ ਕੁਝ ਸਹਾਇਤਾ ਦੇਣ ਬਾਰੇ ਤਾਲਮੇਲ ਸੀ ਅਤੇ ਬਾਗ਼ੀ ਅਪਣੇ ਆਪ ਨੂੰ ਕਿੰਗ ਐਂਪਰਰ ਦੇ ਜਰਮਨ ਦੁਸ਼ਮਨਾਂ ਦੇ ਨਾਲ ਰਲੇ ਹੋਏ ਮੰਨਦੇ ਸਨ।[17]

ਹੁਣ ਬੇਸ਼ਕ ਇਹ ਇਤਿਹਾਸ ਹੈ ਅਤੇ ਰਿਕਾਰਡ ਤੇ ਕੁਝ ਅਜਿਹੇ ਉਦਾਹਰਨ ਉਪਲਬੱਧ ਹਨ ਜੋ ਕਿ ਇਸ ਸ਼ਕ ਨੂੰ ਸਾਬਤ ਕਰਦੇ ਹਨ। ਕਾਮਾਗਾਟਾ ਮਾਰੂ ਦੀ ਘਟਨਾ ਨੂੰ ਬਾਬਾ ਸੋਹਣ ਸਿੰਘ ਭਕਨਾ ਇੰਝ ਬਿਆਨਦੇ ਹਨ, "ਜਦੋਂ ਇਹ ਵਾਪਸ ਮੁੜ ਰਿਹਾ ਸੀ ਤਾਂ ਜਿਸ ਸਮੇਂ ਇਸ ਦਾ ਜਾਪਾਨੀ ਬੰਦਰਗਾਹ ਤੇ ਮੁਕਾਮ ਸੀ, ਕਿਉਂ ਜੋ ਲੜਾਈ ਸ਼ੁਰੂ ਹੋ ਚੁੱਕੀ ਸੀ, ਇਸ ਗੱਲ ਦਾ ਖ਼ਤਰਾ ਸੀ ਕਿ ਜਰਮਨ ਪਨਡੁੱਬੀ

ਐਡਮਨ ਜਹਾਜ ਨੂੰ ਨੁਕਸ਼ਾਨ ਪਹੁੰਚਾਵੇਗੀ।ਬਾਬਾ ਜੀ ਨੇ ਗੁਪਤ ਰੂਪ ਵਿਚ ਜਰਮਨ ਕਾਉਂਸਲ ਨਾਲ ਸੰਪਰਕ ਕੀਤਾ ਅਤੇ ਅਜਿਹੀ ਦੁਰਘਟਨਾ ਨੂੰ ਟਾਲਣ ਲਈ ਇਕ ਖੁਫ਼ੀਆ ਕੋਡ ਅਪਨਾਏ ਜਾਣ ਵਿਚ ਕਾਮਯਾਬ ਹੋਏ।[18]

ਦੂਜੀ ਘਟਨਾ ਦਾ ਸਬੰਧ ਬਾਬਾ ਹਰੀ ਸਿੰਘ 'ਉਸਮਾਨ' ਨਾਲ ਹੈ ਜੋ ਕਿ ਯੁਗਾਂਤਰ ਆਸ਼ਰਮ ਨੂੰ ਚਲਾਉਣ ਲਈ ਪਿੱਛੇ ਅਮਰੀਕਾ ਰਹ ਰਹੇ ਲੋਕਾਂ ਵਿਚੋਂ ਇੱਕ ਸਨ। ਗ਼ਦਰੀਆਂ ਨੇ ਇਕ ਜਰਮਨ ਫ਼ਰਮ ਨਾਲ ਸੌਦਾ ਕੀਤਾ ਜਿਸ ਨੇ ਪੈਸੇ ਦੇ ਬਦਲੇ ਅਸਲਾ ਅਤੇ ਕਾਰਤੂਸ ਦਾ ਭਰਿਆ ਜਹਾਜ ਮੁਹੱਈਆ ਕਰਵਾਉਣਾ ਸੀ। ਉਸ ਨੂੰ ਇਸ ਅਪ੍ਰੇਸ਼ਨ ਦਾ ਮੁੱਖੀ ਥਾਪੀਆ ਗਿਆ ਅਤੇ 15.4.1915 ਨੂੰ ਫਰੰਟ ਯੂ.ਐਸ.ਏ. ਸੁਰੂ ਕੀਤਾ ਪ੍ਰੰਤੂ ਅਣਗੋਲੀਆਂ ਘਟਨਾਵਾਂ ਕਰਕੇ ਅਪਣਾ ਟੀਚਾ ਹਾਸਲ ਕੀਤੇ ਬਗੈਰ ਸਤੰਬਰ 1915 ਨੂੰ ਇੰਡੋਨੇਸ਼ੀਆ ਡੇਰਾ ਲਾਇਆ। ਉੱਥੇ ਉਹ ਉਸਮਾਨ ਖਾਨ ਦੇ ਫਰਜ਼ੀ ਨਾਂ ਨਾਲ ਵੱਸ ਗਿਆ ਜਿਸ ਨੇ ਕਿ ਉਸ ਨੂੰ ਅਖੀਰ ਹਰੀ ਸਿੰਘ ਉਸਮਾਨ ਵਜੋਂ ਪਹਿਚਾਣ ਦਿੱਤੀ। ਉਸ ਦੁਆਰਾ ਇੰਡੀਅਨ ਇੰਡੀਪੈਂਨਡੈਂਸ ਲੀਗ ਅਤੇ ਦੂਜੇ ਕੌਮਾਂਤਰੀ ਜੰਗ ਵੇਲੇ ਆਈ.ਐਨ.ਏ. ਸਥਾਪਿਤ ਕਰਨ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਅਕਤੂਬਰ 1948 ਵਿਚ ਭਾਰਤ ਪਰਤ ਆਇਆ ਅਤੇ 15.8.1916 ਨੂੰ ਅਣਗੋਲਿਆ ਫ਼ੌਤ ਹੋ ਗਿਆ।[19]

(ਹ) "ਜੰਗ ਛੇੜਨੀ"

ਪਹਿਲੇ ਕੇਸ ਵਿਚ ਵਾਈਸਰਾਏ ਦੁਆਰਾ ਖ਼ੁਦ-ਬ-ਖੁਦ ਮੌਤ ਦੇ ਫੈਸਲਿਆਂ ਦਾ ਪੁਨਰ ਨਿਰੀਖਣ ਕਰਨ ਕਰਕੇ ਟ੍ਰਿਬਿਊਨਲ ਇਸ ਤੋਂ ਪੁਖ਼ਤਾ ਹੋਈ ਸਮਝ ਦਾ ਫ਼ਾਇਦਾ ਉਠਾ ਕੇ ਹੁਣ ਦੂਜੇ ਕੇਸ ਸਮੇਂ ਪਹਿਲਾਂ ਨਾਲੋ ਸਿਆਣਾ ਹੋ ਗਿਆ। ਜਦ ਕਿ ਪਹਿਲੇ ਕੇਸ ਵਿਚ ਇਸ ਦੁਆਰਾ ਤਾਜ਼ੀਰਾਤ-ਏ-ਹਿੰਦ ਦੀ ਧਾਰਾ 121, ਜਿਸ ਦਾ ਸਬੰਧ ਜੰਗ ਛੇੜਨ ਨਾਲ ਹੈ (ਜੋ ਕਿ ਮੁੱਖ ਮੁੱਦਾ ਹੈ), ਨੂੰ ਲਾਗੂ ਕਰਨ ਦੇ ਸਵਾਲ ਤੇ ਗ਼ੌਰ ਕੀਤਾ ਗਿਆ ਸੀ ਅਤੇ ਦੂਜੇ ਕੇਸ ਵਿਚ ਕੇਵਲ ਤਿੰਨ ਤੋਂ ਵੀ ਘੱਟ ਪੰਨਿਆਂ ਵਿੱਚ ਹੀ ਨਿਪਟਾ ਦਿੱਤਾ ਗਿਆ।*ਬਜ਼ਰੀਆ :* "ਮੁੱਦੇ ਤੇ ਸੰਪਾਦਕੀ ਨੋਟ", ਪੰਨਾ 392-441: ਗ਼ਦਰ ਦਸਤਾਵੇਜ਼, ਵਾਲਯੂਮ 1, ਯੂਨੀਸਟਾਰ, ਇਸ ਮੁੱਦੇ ਦੀ ਵਿਸਥਾਰਪੂਰਕ ਪੜਚੋਲ ਕੀਤੀ ਗਈ ਹੈ।[21]

ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅਸਲ ਕਾਰਨ "ਪਲਟਵਾਰ" ਸੀ, ਜੋ ਕਿ ਖੁਫੀਫ਼ਾਈਲਾਂ ਵਿਚ ਦੱਬਿਆ ਪਿਆ ਸੀ, ਪ੍ਰੰਤੂ ਇਸ ਦਾ ਨਤੀਜਾ ਜੋ ਹੋਇਆ ਸੀ ਉਹ ਸਬ ਨੂੰ ਪਤਾ ਸੀ।ਉਨ੍ਹਾਂ ਚੌਵੀਆਂ, ਜਿਨਾਂ ਨੂੰ ਪਹਿਲਾਂ ਮੌਤ ਦੀ ਸਜ਼ਾ ਸੁਣਾਈ ਗਈ ਸੀ, ਵਿਚੋਂ ਕੇਵਲ ਸੱਤ ਨੂੰ ਫ਼ਾਂਸੀ ਲਟਕਾਇਆ ਗਿਆ ਸੀ। 17 ਪੰਨਿਆ ਦੇ ਬਿਆਨ ਵਿਚ ਇਹ ਕਿਹਾ ਗਿਆ ਸੀ ਕਿ ਕਿਉਂ ਜੋ ਬਚਾਵ ਪੱਖ ਵਲੋਂ "ਮੌਜੂਦਾ ਕੇਸ ਵਿਚ ਇਹ ਕਿਹਾ ਗਿਆ ਹ ਕਿ ਜੇਕਰ ਆਰੋਪੀ ਤੱਥ ਸਾਬਤ ਵੀ ਹੋ ਜਾਂਦੇ ਹਨ ਤਾਂ ਵੀ ਉਸ ਨੂੰ ਜੰਗੀ ਕਾਰਜ ਜਾਂ ਜੰਗ ਲਈ ਪ੍ਰਯਤਨ ਜਾਂ ਜੰਗ ਦੀ ਹਿਮਾਇਤ ਨਹੀਂ ਕਿਹਾ ਜਾਵੇਗਾ ਬਲਕਿ ਘਟ ਸੰਗੀਨ ਜ਼ੁਰਮ ਜਿਵੇਂ ਕਿ ਸਾਜ਼ਿਸ਼ ਜਾਂ ਉਸ ਦੀ ਤਿਆਰੀ, ਜੋ ਵੀ ਸੂਰਤ ਹੋਵੇ", ਇਸ ਨੂੰ ਇਸ ਲਿਖਾਰੀ ਦੁਆਰਾ ਵਿਸਥਾਰਪੂਰਵਕ ਬਿਆਨਿਆ ਗਿਆ ਹੈ।[22]

ਜਿਹੜੇ ਲੋਕਾਂ ਨੂੰ ਕ੍ਰਿਮਨਲ ਟਰਾਇਲ ਬਾਰੇ ਜਾਣਕਾਰੀ ਹੈ, ਉੱਪਰਲੀ ਦਲੀਲ, ਜੋ ਕਿ ਬਚਾਅ ਪੱਖ ਨੂੰ ਇਸ ਦੂਸਰੇ ਕੇਸ ਬਾਰੇ ਕਹਿ ਗਈ ਦੱਸੀ ਜਾਂਦੀ ਹੈ, ਇਕ ਬਹੁਤ ਹੀ ਆਮ ਦਲੀਲ ਹੈ ਜੋ ਕਿ ਕ੍ਰਿਮਨਲ ਟਰਾਇਲ ਵਿਚ ਲਗਭਗ ਹਮੇਸ਼ਾ ਵਰਤੀ ਜਾਂਦੀ ਹੈ-ਕਿ ਲਗਾਏ ਗਏ ਦੋਸ਼ ਜੇ ਸਾਬਤ ਵੀ ਹੋ ਜਾਣ ਤਾਂ ਵੀ ਉਹ ਸੰਗੀਨ ਜੁਰਮ, ਜਿਵੇਂ ਕ ਆਪਣੇ ਆਪ ਸਾਬਤ ਨਹੀਂ ਕਰਦੇ ਬਲਕਿ ਇਕ ਘੱਟ ਸੰਗੀਨ ਜ਼ੁਰਮ (ਜਿਵੇਂ ਗ਼ੈਰ ਇਰਾਦਤਨ ਕ ਸਾਬਤ ਹੋ ਸਕਦਾ ਹੈ। ਬਹਰਹਾਲ ਇਹ ਸਮਝ ਤੋਂ ਬਾਹਰ ਹੈ ਕਿ 7 ਬਚਾਅ ਪੱਖ ਦੇ ਵਕੀਲਾਂ ਦੁਆਰਾ 61 ਦੋਸ਼ੀਆਂ ਵਿਚੋਂ ਕਿਸੇ ਇੱਕ ਲਈ ਵੀ ਇੱਕ ਵਾਰ ਵੀ ਇਹ ਦਲੀਲ ਪੇਸ਼ ਨਹੀਂ ਕੀਤੀ ਗਈ।ਜੋ ਨਤੀਜਾ ਜ਼ਾਹਰ ਹੈ ਉਹ ਇਹ ਹੈ ਕਿ ਜੰਗ ਛੇੜਣ ਦਾ ਦੋਸ਼ ਇਸ ਦੀ ਪ੍ਰਕ੍ਰਿਤੀ ਕਾਰਨ ਅਪਣੇ ਆਪ ਵਿਚ ਹੀ ਇਕ ਸ਼੍ਰੇਣੀ ਹੈ ਕਿਉਂਕਿ ਇਸ ਦਾ ਅਸਰ ਸਿਆਸੀ ਹੁੰਦਾ ਹੈ; ਕਿਉਂਕਿ ਇਹ ਸਿਆਸੀ ਪ੍ਰਣਾਲੀ ਦੀ ਵੈਧਤਾ ਨੂੰ ਵੰਗਾਰਕੇ ਉਸ ਦੀਆਂ ਜੜਾਂ ਤੇ ਵਾਰ ਕਰਦਾ ਹੈ।

ਜਿਸ 'ਕਾਨੂੰਨ ਦੇ ਰਾਜ' ਤੇ ਐਂਗਲੋ ਸੈਕਸਨ ਦੁਨੀਆ ਭਾਰੀ ਫ਼ਖਰ ਕਰਦੀ ਹੈ, ਉਸ ਨੂੰ ਬਾਗੀਆਂ ਦੇ ਨਾਲ ਬਰਤਾਓ ਸਮੇਂ ਅਖੋਂ ਪਰੋਖੇ ਕਰ ਦਿਤਾ ਜਾਂਦਾ ਹੈ।

ਇਸ ਪ੍ਰਕਾਰ ਸਰਦਾਰ ਭਗਤ ਸਿੰਘ ਵਲੋਂ ਪੰਜਾਬ ਦੇ ਗਵਰਨਰ ਵੱਲ ਕੀਤੇ ਤੰਜ਼ ਵਿਚ ਕੁਝ ਅਰਥ ਹੈ... "ਕਿਉਂਕਿ ਉਹ ਜੰਗ ਛੇੜਣ ਦੇ ਦੋਸ਼ੀ ਸਨ, ਉਨਾਂ ਨੂੰ ਫ਼ਾਂਸੀ ਨਹੀਂ ਲਟਕਾਉਣਾ ਚਾਹੀਦਾ ਅਤੇ ਫ਼ੌਜ ਦੇ ਗੋਲੀਬਾਰੀ ਦਸਤੇ ਨੂੰ ਸੌਂਪ ਦੇਣਾ ਚਾਹੀਦਾ ਹੈ।"(20.03.1931 ਭਾਵ ਉਹਨਾਂ ਦੀ ਫ਼ਾਂਸੀ ਤੋਂ 3-4 ਦਿਨ ਪਹਿਲੇ ਗਵਰਨਰ ਨੂੰ ਲਿਖੇ ਪੱਤਰ ਵਿਚੋਂ)23

ਅੰਤ ਵਿਚ, ਇਸ ਦਾ ਸੇਹਰਾ ਟ੍ਰਿਬਿਊਨਲ ਦੇ ਸਿਰ ਜਾਂਦਾ ਹੈ ਕਿ ਉਹਨਾਂ ਦੇ ਗ਼ਦਰੀਆਂ ਨੂੰ ਅੱਤਵਾਦੀ ਜਾਂ ਅਨਾਰਕਿਸਟ ਕਹਿਣ ਦੀ ਥਾਂ ਬਾਗ਼ੀ ਆਖਿਆ। ਇਹ ਉਹ ਸ਼ਬਦ ਸਨ ਜੋ ਕਿ ਦੁਨੀਆ ਭਰ ਵਿਚ ਇਸ ਤਰ੍ਹਾਂ ਦੇ ਕੇਸਾਂ ਵਿਚ ਰਾਜਧਰੋਹ ਜਾਂ ਸਰਕਾਰ ਵਿਰੁੱਧ ਜੰਗ ਛੇੜਣ ਵਾਲਿਆਂ ਲਈ ਦੁਨੀਆ ਭਰ ਅਜਿਹੇ ਸ਼ਬਦ ਪ੍ਰਯੋਗ ਕੀਤੇ ਜਾਂਦੇ ਸਨ। ਹਾਲਾਂਕਿ ਇਹ ਅਲਗ ਮਸਲਾ ਹੈ ਕਿ ਬੁਨਿਆਦੀ ਤੌਰ ਤੇ ਇਹ ਇਕ ਕ੍ਰਾਂਤੀਕਾਰੀ ਲਹਿਰ ਸੀ ਕਿਉਂਕਿ ਇਸ ਦਾ ਇਰਾਦਾ ਨਿਜ਼ਾਮ ਨੂੰ ਬਦਲਣ ਦਾ ਸੀ ਨਾ ਕਿ ਦੇਸ਼ ਤੇ ਰਾਜ ਕਰਦੇ ਕਿਸੇ ਉਚੇਚੇ ਵਿਅਕਤੀ ਖਿਲਾਫ਼ ਕੁਝ ਕਰਨ ਦਾ। ਇਹ ਮੱਹਤਵਪੂਰਨ ਹੈ ਕਿ ਭਗਤ ਸਿੰਘ ਅਤੇ ਦੱਤ ਨੂੰ ਅਸੈਂਬਲੀ ਬੰਬ ਕੇਸ ਵਿਚ ਸੁਣਾਈ ਮੌਤ ਦੀ ਸਜ਼ਾ ਦੀ ਲਾਹੌਰ ਅਦਾਲਤ ਵਿਖੇ ਅਪੀਲ ਵਿਚ ਜੱਜ ਨੇ ਕਿਹਾ "ਭਗਤ ਸਿੰਘ ਇਕ ਸੁਹਿਰਦ ਕ੍ਰਾਂਤੀਕਾਰੀ ਹੈ ਮੈਨੂੰ ਕੋਈ ਸ਼ਕ ਨਹੀਂ, ਯਾਨੀ ਕਿ ਮੈ ਕਹਿ ਸਕਦਾ ਹਾਂ, ਕਿ ਉਹ ਇਸ ਭਰਮ ਵਿਚ ਸੁਹਿਰਦਤਾ ਨਾਲ ਮੁਬਤਲਾ ਹੈ ਕਿ ਇਸ ਦੁਨੀਆਂ ਨੂੰ ਮੌਜੂਦਾ ਸਮਾਜਕ ਤੰਤਰ ਨੂੰ ਬਰਬਾਦ ਕਰਕੇ ਅਤੇ ਕਾਨੂੰਨ ਦੇ ਰਾਜ ਦੀ ਥਾਂ ਵਿਅਕਤੀ ਦੀ ਬੇਰੋਕ ਇੱਛਾ ਨਾਲ ਬਦਲ ਕੇ ਬੇਹਤਰ ਬਣਾਇਆ ਜਾ ਸਕਦਾ ਹੈ।24

***ਜੇਲਾਂ ਦਾ ਸਾਕਾ***

ਮੁਕੱਦਮਿਆਂ ਦੀ ਸਮਾਪਤੀ ਨਾਲ, ਜਿਨ੍ਹਾਂ ਨੇ ਸ਼ਹਾਦਤ ਪਾਈ, ਉਹਨਾਂ ਦੇ ਕੇਸ ਦਾ ਅੰਤ ਤਾਂ ਹੋ ਗਿਆ ਪ੍ਰੰਤੂ ਹੋਰਨਾ ਲਈ ਅਜਿਹਾ ਨਹੀਂ ਹੋਇਆ। ਜ਼ਿਆਦਾਤਰ ਲੋਕਾਂ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ਜੋ ਕਿ ਜਿੰਦਗੀ ਦਾ ਬੇਹਤਰੀਨ ਹਿੱਸਾ ਅੰਡੇਮਾਨ ਦੀ ਅਣਮਨੁੱਖੀ ਜੇਲ ਵਿਚ ਕਟੱਣ ਲਈ ਵਰਤਿਆ ਜਾਣ ਵਾਲਾ ਇਕ ਸੋਹਣਾ ਨਾਂ ਸੀ। ਇਹ ਲੋਕ ਉਹਨਾਂ ਸ਼ਹੀਦਾ ਤੋਂ ਇਰਖਾ ਕਰਦੇ ਸਨ ਜਿਹਨਾਂ ਨੇ ਕਿ ਦੇਸ਼ ਭਗਤੀ ਦਾ ਇਮਤਿਹਾਨ ਪਾਸ ਕਰ ਲਿਆ ਸੀ ਜਦੋਂ ਕਿ ਉਹ ਖੁਦ ਪ੍ਰੋਬੇਸ਼ਨ ਤੇ ਸਨ। ਬਾਬਾ ਸੋਹਣ ਸਿੰਘ ਭਕਨਾ ਨੇ ਸਹੀ ਕਿਹਾ ਹੈ ਕਿ ਕ੍ਰਾਂਤੀਕਾਰੀ ਲਈ ਭਾਵੇਂ ਉਹ ਜੇਲ ਵਿਚ ਹੋਵੇ ਜਾਂ ਬਾਹਰ ਵੰਗਾਰਾਂ ਹਮੇਸ਼ਾ ਖੜੀਆਂ ਰਹਿੰਦੀਆ ਹਨ ਕਿਉਂਕਿ ਬੁਨੀਆਦੀ ਤੌਰ ਤੇ ਉਸ ਦਾ ਸੰਘਰਸ਼ ਜ਼ਬਰ ਅਤੇ ਅਨਿਆਂ ਨਾਲ ਹੁੰਦਾ ਹੈ। ਇਸ ਜੇਲ ਬਾਰੇ ਸੰਖੇਪ ਟਿਪਣੀ ਕਰਨਾ ਲਾਹੇਵੰਦ ਹੋਵੇਗਾ ਪ੍ਰੰਤੂ ਦੋ ਅਲਗ ਅਲਗ ਗੇੜਾਂ ਵਿਚ-(ੳ) ਜਿਹਨਾ ਨੂੰ ਪਹਿਲੇ ਕੇਸ ਵਿਚ ਸਜ਼ਾ ਸੁਣਾਈ ਗਈ (ਅੰਡੇਮਾਨ) (ਅ) ਬਾਕੀਆਂ ਬਾਰੇ (ਭਾਰਤੀ ਜੇਲਾਂ)। ਇਹ ਵੰਡ ਜ਼ਰੂਰੀ ਹੈ ਕਿਉਂਕਿ ਪਹਿਲਿਆਂ ਨੂੰ ਦਰਅਸਲ ਟਰਾਂਸਪੋਰਟ ਕੀਤਾ ਗਿਆ ਭਾਵ ਅੰਡੇਮਾਨ ਭੇਜਿਆ ਗਿਆ ਜਦੋਂ ਕਿ ਦੂਜੇ ਕੇਸ ਵਿਚ ਉਹਨਾਂ ਨੂੰ ਅਜਿਹੀਆਂ ਸਜ਼ਾਵਾਂ ਸੁਣਾਉਣ ਦੇ ਬਾਵਜੂਦ ਟਰਾਂਸਪੋਰਟ ਨਹੀਂ ਕੀਤਾ ਗਿਆ।ਇਸ ਪਾਲਿਸੀ ਵਿਚ ਬਦਲਾਅ ਇਤਫ਼ਾਕਨ ਨਹੀਂ ਹਨ। ਪਹਿਲੇ ਕੇਸ ਵਿਚ ਜ਼ੁਲਮ ਵਾਲਾ ਵਤੀਰਾ ਅਤੇ ਖੁਫ਼ੀਆਪਨ ਦੇ ਲੋਹੇ ਦ ਪਰਦੇ ਦੇ ਬਾਵਜੂਦ, ਜੇਲ ਅਧਿਕਾਰੀਆਂ ਦੇ ਦਿਮਾਗ ਵਿਚ ਇਹ ਗੱਲ ਪੈ ਗਈ ਸੀ। ਭਾਵੇਂ ਇਹ ਘੱਟੋ ਘਟ ਅੱਠ ਜਿੰਦਗੀਆਂ ਦੀ ਅਤੇ ਨਾਲ ਹੀ ਬਚੇ ਹੋਏ ਲੋਕਾਂ ਤੇ ਥੋਪੀਆਂ ਬੇਅੰਤ ਸਜਾਵਾਂ, ਕਹਿਰ ਅਤੇ ਜ਼ਲਾਲਤਾਂ ਦੀ ਕੀਮਤ ਅਦਾ ਕਰ ਕੇ ਹੋਇਆ ਸੀ।ਇਸ ਦਾ ਹਾਸਲ ਇਹ ਹੋਇਆ ਕਿ ਅੰਡੇਮਾਨ ਦੇ ਜੇਲਰਾਂ ਨੇ ਨਿਰਾਸ ਹੋ ਕੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਤੇ ਹੋਰ ਬਾਅਦ ਵਾਲੇ ਕੇਸਾ ਵਿਚ ਸਜ਼ਾ ਦਿੱਤੇ ਗਏ ਗ਼ਦਰੀਆਂ ਨੂੰ ਜੇਲ ਵਿਚ ਰੱਖਣ ਤੋਂ ਸਾਫ਼ ਇੰਨਕਾਰ ਕਰ ਦਿੱਤਾ। (ਇਕ ਸਰਧਾਂਜਲੀ !)

(ੳ) ਅੰਡਮਾਨ ਵਿਚ ਦੁੱਖ ਤਕਲੀਫਾਂ

ਕਸ਼ਮੀਰ ਦੀ ਸ਼ਾਨ ਬਾਰੇ ਉਰਦੂ ਦੀ ਇਕ ਪ੍ਰਸਿੱਧ ਅਖੌਤ ਹੈ ਕਿ ਧਰਤੀ ਤੇ ਕੇਵਲ ਇਹ ਹੀ ਜੰਨਤ ਹੈ। ਇਸ ਅਖਾਣ ਦੀ ਤਰਜ਼ ਤੇ, ਕਿਸੀ ਲਾਗ ਲਪਟ ਜਾਂ ਕਾਵਿ ਲਾਇਸੈਂਸ ਦੇ ਬਗ਼ੈਰ, ਇਹ ਕਿਹਾ ਜਾ ਸਕਦਾ ਹੈ ਕਿ ਜੇ ਧਰਤੀ ਤੇ ਜੇ ਕੋਈ ਨਰਕ ਹੈ ਤਾਂ ਉਹ ਇਹ ਹੀ ਹੈ, ਇਹ ਹੀ ਹੈ ਅਤੇ ਕੇਵਲ ਇਹ ਹੀ ਹੈ। ਸਭ ਤੋਂ ਪਹਿਲਾਂ ਕੈਦੀਆਂ ਦੀ ਮੈਡੀਕਲ ਜਾਂਚ ਨਾ ਕਰਵਾਉਣਾ, ਨਿਯਮ ਅਨੁਸਾਰ ਵੱਡੀ ਉਮਰ ਦਾ ਧਿਆਨ ਨਹੀਂ ਰੱਖਣਾ ਅਤੇ ਜਿਹਨਾਂ ਨੂੰ ਵੀ ਟਰਾਂਸਪੋਰਟੇਸ਼ਨ ਦੀ ਸਜ਼ਾ ਸੁਣਾਈ ਗਈ, ਉਹਨਾਂ ਨੂੰ ਇੱਥੇ ਲਿਆਂਦਾ ਜਾਂਦਾ ਸੀ। ਉੱਥੇ ਪਹੁੰਚਣ ਤੇ ਉਹਨਾਂ ਨੂੰ ਗਣੇਸ਼ ਸਾਵਰਕਰ ਅਤੇ ਵਿਨਾਇਕ ਸਾਵਰਕਰ (ਮਹਾਰਾਸ਼ਟਰ ਤੇ ਸਾਵਰਕਰ ਬੰਧੂ), ਜੋ ਕਿ ਸਿਆਸੀ ਕੈਦੀ ਸਨ, ਦੁਆਰਾ ਸਮਝਾ ਦਿੱਤਾ ਜਾਂਦਾ ਸੀ ਕਿ ਜੇਲ ਸੁਪਰਡੈਂਟ ਅਤੇ ਜੇਲਰ ਜ਼ਾਲਮ ਹਨ। ਉਹਨਾਂ ਨੂੰ ਭਾਰੀ ਭਰਕਮ ਅਣਮਨੁੱਖੀ ਕੰਮ ਹਥਾਂ

ਨਾਲ ਕਰਨਾ ਪੈਂਦਾ ਸੀ। ਇਸ ਨੂੰ ਸਹਾਰ ਨਾ ਸਕਨ ਕਰ ਕੇ ਕੁਝ ਕੈਦੀਆਂ (ਸਿਆਸੀ ਵੀ) ਨੇ ਖ਼ੁਦਕਸ਼ੀ ਕਰ ਲਈ। ਗ਼ਦਰੀਆਂ ਨੇ ਇਕੱਠੇ ਹੋ ਕੇ ਸੋਚਿਆ ਅਤੇ ਸੰਕਲਪ ਕੀਤਾ ਕਿ ਉਹ ਮਜ਼ਦੂਰੀ ਕਰਣਗੇ ਪ੍ਰੰਤੂ ਉਨੀ ਹੀ ਜਿਨ੍ਹੀ ਕਿ ਮਨੁੱਖੀ ਸਮਰੱਥਾ ਹੈ। ਜਿਵੇਂ ਕਿ ਕੋਹਲੂ (ਤੇਲ ਕੱਢਣਾ) ਦੀ ਮਜ਼ਦੂਰੀ ਨੂੰ ਅਣਮਨੁੱਖੀ ਮੰਨਿਆ ਗਿਆ ਅਤੇ ਇਹ ਕਰਨ ਤੋਂ ਇੰਕਾਰ ਕੀਤਾ ਜਾਣਾ ਸੀ। ਦੂਜਾ ਜੇਲ ਅਧਿਕਾਰੀਆਂ ਵੱਲ ਨਿਰਾਦਰ ਦਾ ਵਤੀਰਾ ਨਹੀਂ ਅਪਣਾਇਆ ਜਾਣਾ ਸੀ, ਪ੍ਰੰਤੂ ਜੇ ਉਹ ਸਾਡੀ ਬੇਇਜ਼ਤੀ ਕਰਨ, ਤਾਂ ਅਸੀ ਇਕਜੁੱਟ ਹੋ ਕੇ ਜਵਾਬ ਦੇਵਾਂਗੇ।

**ਭਾਨ ਸਿੰਘ ਦਾ ਕੇਸ**- ਇਸ ਕੇਸ ਰਾਹੀਂ ਚੰਗੀ ਤਰ੍ਹਾਂ ਵਿਖਾਇਆ ਜਾ ਸਕਦਾ ਹੈ ਕਿ ਬਾਅਦ ਵਿਚ ਕੀ ਵਾਪਰਿਆ? ਉਸ ਦੀ ਕੁਝ ਸਿੱਖਿਆ ਅੰਗ੍ਰੇਜ਼ੀ ਵਿਚ ਹੋਈ ਸੀ ਅਤੇ ਉਹ ਤਜਵੀਜ਼ਤ ਮਜਦੂਰੀ ਵੀ ਤਨਦੇਹੀ ਨਾਲ ਕਰਦਾ ਸੀ। ਇਕ ਦਿਨ ਜਦੋਂ ਉਹ ਆਪਣੀ ਮਜ਼ਦੂਰੀ ਨਾਲ ਤਿਆਰ ਕੀਤੀ ਵਸਤ ਸੌਂਪਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਇਕ ਅੰਗੇਜ਼ ਗਾਰਡ ਨੇ ਅੰਗ੍ਰੇਜ਼ੀ ਵਿਚ (ਸਾਡੇ) ਰਾਸ਼ਟਰ ਦੀ ਸ਼ਾਨ ਵਿਚ ਮਾੜੇ ਕਥਨ ਆਖੇ। ਭਾਨ ਸਿੰਘ ਨੇ ਉਸ ਨੂੰ ਵਾਪਸ ਅੰਗ੍ਰੇਜ਼ੀ ਵਿਚ ਉਸੇ ਤਰ੍ਹਾਂ ਦਾ ਜਵਾਬ ਦਿੱਤਾ। ਉਸ ਦੇ ਬਾਅਦ ਗਾਰਡ ਨੇ ਉਸ ਨੂੰ ਜੇਲਰ ਦੇ ਸਾਹਮਣੇ ਪੇਸ਼ ਕੀਤਾ ਅਤੇ ਜੇਲਰ ਨੇ ਭਾਨ ਸਿੰਘ ਦੀ ਬੇਨਤੀ ਅਪ੍ਰਵਾਨ ਕਰਦਿਆਂ ਉਸ ਨੂੰ 6 ਮਹੀਨੇ ਦੀ ਇਕੱਲਵਾਸ, ਬੇੜੀਆਂ, ਘੱਟ ਖ਼ੁਰਾਕ ਅਤੇ ਹੱਥਕੜੀ ਲਗਾ ਕੇ ਖੜੇ ਰਹਿਣਾ- ਇਹ ਸਾਰੀਆਂ ਸਜ਼ਾਵਾਂ ਇਕੱਠੇ ਤੌਰ ਤੇ ਇਸ ਸਮੇਂ ਲਈ ਆਯਦ ਕਰ ਦਿੱਤੀਆ।ਇਕ ਦਿਨ ਹਥਕੜੀਆਂ ਦੇ ਭਾਰ ਸਮੇਤ ਖਲੋਤਾ, ਉਹ ਉਚਾਰ ਰਿਹਾ ਸੀ "ਜੇ ਤਓ ਪ੍ਰੇਮ ਖੇਲਣ ਕਾ ਚਾਓ, ਸਰ ਧਰ ਤਲਿ ਗਲੀ ਮੋਰੀ ਆਓ (ਡਰਠਕ ਵਰ ਠਖ ਤਵਗਕਕਵ ਜੀ ਖਰਚ ਮਜਤੀ ਵਰ ਜਅਦਚ;ਪਕ ਜਅ ;ਰਡਕ)। ਬਦਨਾਮ ਜੇਲਰ ਬੇਰੀ ਕੋਲੋਂ ਲੰਘ ਰਿਹਾ ਸੀ ਅਤੇ ਉਸ ਨੇ ਗਾਲ੍ਹਾਂ ਕੱਢਣੀਆ ਸ਼ੁਰੂ ਕਰ ਦਿਤੀਆਂ। ਇਸ ਦੇ ਵਿਰੋਧ ਵਜੋਂ ਅਗਲੇ ਦਿਨ ਭਾਨ ਸਿੰਘ ਨੇ ਹਥਕੜੀਆਂ ਲਗਵਾਉਣ ਤੋ ਇਨਕਾਰ ਕਰ ਦਿੱਤਾ। ਜੇਲਰ ਤਿੰਨ ਨੰਬਰਦਾਰਾਂ ਦੀ ਟੋਲੀ ਲੈ ਕੇ ਆਇਆ ਅਤੇ ਭਾਨ ਸਿੰਘ ਤੇ ਤਸ਼ੱਦਦ ਕਰਨ ਲੱਗਾ। ਥੱਲੇ ਗਰਾਉਂਡ ਫ਼ਲੋਰ ਤੇ ਉਹ ਦੇ ਸਾਥੀ ਕੈਦੀ ਭੋਜਨ ਵਾਲੇ ਹਿੱਸੇ ਵਿਚ ਬੈਠੇ ਸਨ। ਜਦ ਉਹਨਾਂ ਨੂੰ ਪਤਾ ਲਗਿਆ ਤਾਂ ਉਹ ਭੱਜ ਕੇ ਉਸ ਨੂੰ ਬਚਾਉਣ ਲਈ ਉੱਪਰ ਆਏ, ਪ੍ਰੰਤੂ ਜੇਲਰ ਨੇ ਪਹਿਲਾਂ ਹੀ ਦਰਵਾਜਾ ਬੰਦ ਕਰ ਦਿਤਾ ਸੀ। ਉਹ ਅੰਦਰ ਦਾਖ਼ਲ ਨਹੀਂ ਹੋ ਸਕੇ, ਪ੍ਰੰਤੂ ਉਹਨਾਂ ਨੇ ਜੇਲਰ ਨੂੰ ਭਾਨ ਸਿੰਘ ਨੂੰ ਇਕੱਲਿਆਂ ਛੱਡਣ ਲਈ ਮਜਬੂਰ ਕਰ ਦਿੱਤਾ। ਹਾਲਾਂਕਿ ਉਸ ਵੇਲੇ ਬਚਾਅ ਹੋ ਗਿਆ, ਪਰ ਜੇਲਰ ਨੇ ਅਗਲੇ ਦਿਨ ਉਸ ਨੂੰ ਐਨਾ ਕੁਟਵਾਇਆ ਕਿ ਉਹ ਬੇਹੋਸ਼ ਹੋ ਗਿਆ। ਸਾਥੀ ਕੈਦੀਆਂ ਨੇ ਕੰਮ ਦੀ ਹੜਤਾਲ ਕਰ ਦਿੱਤੀ। ਉਸ ਨੂੰ ਜੇਲ ਦੇ ਹਸਪਤਾਲ ਵਿਚ ਭੇਜ ਦਿੱਤਾ ਗਿਆ ਜਿੱਥੇ ਉਸਦੀ ਹਾਲਤ ਬਦ ਤੋ ਬਦਤਰ ਹੋ ਗਈ।

"ਇਹ ਵੇਖ ਕੇ ਉਸ ਦੇ ਸਾਥੀ ਕੈਦੀਆਂ ਨੇ ਸਮੇਤ ਮੇਰੇ (ਸੋਹਣ ਸਿੰਘ ਭਕਨਾ) ਕੰਮ ਦੀ ਹੜਤਾਲ ਦੇ ਨਾਲ ਭੁੱਖ ਹੜਤਾਲ ਵੀ ਕਰ ਦਿਤੀ। ਇਸ ਦੋਰਾਨ ਸਾਡੇ ਕਾਮਰੇਡ ਜੋ ਬਰਮਾ ਸਾਜ਼ਿਸ਼ ਕੇਸ ਵਿਚ ਡੱਕੇ ਗਏ ਸਨ, ਉਹਨਾ ਨੇ ਵੀ ਸਾਡੇ ਨਾਲ ਕੰਮ ਦੀ ਹੜਤਾਲ ਵਿਚ ਸ਼ਿਰਕਤ ਕੀਤੀ। ਇਹ ਸਰਦੀਆਂ ਦੇ ਦਿਨ ਸਨਃ ਜੇਲਰ ਨੇ ਸਾਨੂੰ ਜਬਰਦਸਤੀ ਪਾਣੀ ਦੀ ਟੰਕੀ ਕੋਲ ਲਿਜਾ ਕੇ ਠੰਡਾ ਪਾਣੀ ਸੁੱਟਣ ਦਾ ਤਸ਼ੱਦਦ ਸ਼ੁਰੂ ਕਰ ਦਿਤਾ। ਸਾਡੀਆਂ ਕੋਠੜੀਆਂ 'ਚੋਂ ਕੰਬਲ ਚੁਕਵਾ ਦੇਣ ਕਰਕੇ ਉਸ ਨੂੰ ਲਕੜੀ ਦੇ ਠੰਡੇ ਫੱਟੇ ਤੇ ਸੌਣਾ ਪਿਆ। ਸਸੋਲੀ, ਹੁਸ਼ਿਆਰਪੁਰ ਦੇ ਪੰਡਿਤ ਰਾਮ ਰੱਖਾ ਦੀ ਇੰਝ ਮੌਤ ਹੋ ਗਈ......ਅਖੀਰ ਭਾਨ ਸਿੰਘ ਵੀ ਇਸ ਸਖ਼ਤ ਤਸੀਹੇ ਦਾ ਸ਼ਿਕਾਰ ਹੋ ਗਿਆ।"26

ਬਾਬਾ ਸੋਹਨ ਸਿੰਘ ਭਕਨਾ ਨੇ ਇਸ ਲੇਖਕ ਨੂੰ ਦੱਸਿਆ ਸੀ ਕਿ ਬਰਮਾ ਤੋਂ ਅੰਡੇਮਾਨ ਜਾਂਦਿਆਂ ਹੋਇਆ ਰਸਤੇ ਵਿਚ ਪੰਡਿਤ ਰਾਮ ਰੱਖਾ ਨੂੰ ਇਹ ਪਤਾ ਲੱਗਾ ਸੀ ਕਿ ਅੰਡੇਮਾਨ ਵਿਚ ਜੇਲ ਅਧਿਕਾਰੀ ਕਿਸੇ ਨੂੰ ਧਾਰਮਿਕ ਪ੍ਰਤੀਕ ਰੱਖਣ ਦੀ ਇਜਾਜ਼ਤ ਨਹੀਂ ਦਿੰਦੇ। ਇਕ ਬ੍ਰਾਹਮਣ ਹੋਣ ਦੇ ਬਾਵਜੂਦ ਉਸ ਨੇ ਬਹੁਤ ਸਮਾਂ ਪਹਿਲੇ 'ਜਨੇਓ' ਦਾ ਪਵਿੱਤਰ ਧਾਗਾ ਤਿਆਗ ਦਿੱਤਾ ਸੀ, ਪ੍ਰੰਤੂ ਹੁਣ ਜਾਣਬੁਝ ਕੇ ਇਕ ਧਾਗਾ ਬੰਨ ਲਿਆ ਅਤੇ ਜੇਲ ਪਹੁੰਚਣ ਤੇ ਇਸ ਨੂੰ ਉਤਾਰਣ ਦਾ ਵਿਰੋਧ ਕੀਤਾ ਜਿਸ ਦੇ ਨਤੀਜੇ ਵਜੋਂ ਅੰਤ ਉਹਨਾਂ ਦੀ ਜਾਨ ਗਵਾਉਣ ਵਾਲੀ ਘਟਨਾ ਵਾਪਰ ਗਈ।

ਸਾਲ 1921 ਕਿਸੇ ਵੇਲੇ ਇਹਨਾ ਗ਼ਦਰੀਆਂ ਨੂੰ ਭਾਰਤੀ ਜੇਲਾਂ ਵਿਚ ਭੇਜ ਦਿੱਤਾ ਗਿਆ ਸੀ ਅਤੇ ਉਹਨਾਂ ਵਿਚੋਂ ਕੁਝ ਯਰਵਾਦਾ (ਪੂਨਾ) ਵਿਖੇ ਪਹੁੰਚੇ। ਜੇਲ ਦੇ ਨਿਯਮ ਅਨੁਸਾਰ ਉੱਥੇ ਉਹਨਾਂ ਨੂੰ ਪਗੜੀ ਦੀ ਥਾਂ ਟੋਪੀ ਪਾਉਣ ਲਈ ਮਜਬੂਰ ਕੀਤਾ ਗਿਆ। ਜਦੋ ਉਹਨਾਂ ਨੇ ਵਿਰੋਧ ਕੀਤਾ ਤਾਂ ਜਬਰਦਸਤੀ ਉਹਨਾਂ ਦੇ ਕਪੜੇ ਲਾਹ ਦਿੱਤੇ। ਕੈਦੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਪੰਡਤ ਪਰਮਾਨੰਦ (ਝਾਂਸੀ) ਅਤੇ ਸ੍ਰੀ ਹਿਰਦੇ ਰਾਮ (ਮੰਡੀ, ਹਿਮਾਚਲ ਪ੍ਰਦੇਸ਼) ਅਤੇ ਉਹਨਾਂ ਦੇ ਸਾਥੀ ਗ਼ਦਰੀਆਂ ਨੇ ਵੀ ਹਿੱਸਾ ਲਿਆ। ਹਾਲਾਂਕਿ

ਅਸੀਂ ਉਹਨਾਂ ਨੂੰ ਬਹੁਤ ਸਮਝਾਇਆ ਕਿ ਪਗੜੀ/ਟੋਪੀ ਦੇ ਇਸ  ਮਸਲੇ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ, ਪਰ ਉਹ ਨਹੀਂ ਮੰਨੇ। ਹਾਲਾਂਕਿ ਉਹ ਧਾਰਮਿਕ ਵਖਰੇਵਿਆਂ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ ਪਰ ਅਸੂਲਨ ਇਕ ਸਾਂਝੀ ਸ਼ਨਾਖ਼ਤ ਦੇ ਸਦਕੇ ਇਹ ਗ਼ਦਰੀਆਂ ਦੇ ਆਪਸੀ ਪਿਆਰ ਮੁਹੱਬਤ ਦਾ ਪ੍ਰਤੀਕ ਸੀ।27

ਬਸ ਇੰਨਾ ਹੀ ਕਾਫ਼ੀ ਹੈ ਉਸ ਸਾਕਸ਼ਾਤ ਨਰਕ, ਅੰਡੇਮਾਨ ਦੀ ਸੈਲੂਲਰ ਜੇਲ ਬਾਰੇ =

(ਅ) ਬਾਅਦ ਵਾਲੇ ਕੇਸ– ਭਾਰਤੀ ਜੇਲਾਂ

ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ (ਦੂਜਾ ਕੇਸ) ਦਾ ਫ਼ੈਸਲਾ 30.03.1916 ਨੂੰ ਸੁਣਾਇਆ ਗਿਆ ਅਤੇ 3 ਅਪ੍ਰੈਲ, 1916 ਨੂੰ ਉਹਨਾਂ ਨੂੰ ਮੁਲਤਾਨ ਜੇਲ ਤਬਦੀਲ ਕਰ ਦਿਤਾ ਗਿਆ। "ਪ੍ਰੰਤੂ ਉਹਨਾਂ ਦੇ ਤਬਾਦਲੇ ਤੋਂ ਪਹਿਲਾ ਲਾਹੌਰ ਜੇਲ ਵਿਚ ਹੀ ਉਹਨਾਂ ਕੈਦੀਆ ਦੇ ਸਿੱਖ ਧਾਰਮਿਕ ਪ੍ਰਤੀਕ (ਕੱਕਾਰ) ਲ੍ਹਾ ਲਏ ਗਏ ਸਨ।"28

ਉਮਰ ਕੈਦ ਦੀ ਸਜ਼ਾ ਯਾਫ਼ਤਾ ਭਾਈ ਸਾਹਿਬ ਰੰਧੀਰ ਸਿੰਘ ਨੇ ਮੁਲਤਾਨ ਜੇਲ ਵਿਚ, ਜਿੱਥੇ ਕਿ ਉਹਨਾਂ ਨੂੰ ਜੁਲਾਈ 1917 ਤੱਕ ਰੱਖਿਆ ਗਿਆ ਸੀ, ਦਾ ਪ੍ਰਤੱਖਦਰਸ਼ੀ ਵੇਰਵਾ ਦਿੱਤਾ ਹੈ। ਉਹਨਾਂ ਨੂੰ ਜੇਲ ਵਿਚ ਅਣਮਨੁੱਖੀ ਵਿਵਹਾਰ ਦੇ ਵਿਰੋਧ ਵਜੋ ਭੁੱਖ-ਹੜਤਾਲ ਵੀ ਕਰਨੀ ਪਈ ਜੋ ਕਿ 40 ਦਿਨਾਂ ਤੱਕ ਚਲੀ ਅਤੇ ਉਸ ਦੋਰਾਨ ਉਹਨਾਂ ਨੇ ਨਾ ਕੇਵਲ ਭੋਜਣ ਬਲਕਿ ਪਾਣੀ ਗ੍ਰਹਿਣ ਕਰਨ ਤੋ ਵੀ ਇਨਕਾਰ ਕਰ ਦਿੱਤਾ।29

ਫਿਰ ਉਹਨਾਂ ਨੂੰ ਹਜ਼ਾਰੀ ਬਾਗ (ਬਿਹਾਰ) ਤਬਦੀਲ ਕਰ ਦਿੱਤਾ ਗਿਆ। ਹਜ਼ਾਰੀ ਬਾਗ ਜਾਂਦੇ ਰਸਤੇ ਉਹਨਾਂ ਨੇ ਲੁਧਿਆਣਾ ਥਾਈਂ ਲੰਘਣਾ ਸੀ ਜੋ ਕਿ ਉਹਨਾਂ ਵਿਚੋ ਬਹੁਤਿਆਂ ਦਾ ਜੱਦੀ ਜ਼ਿਲਾ ਸੀ। ਬਾਬਾ ਸਜਣ ਸਿੰਘ (ਨਾਰੰਗਵਾਲ, ਲੁਧਿਆਣਾ) ਨੇ ਆਪਣੀ ਸੰਖੇਪ ਆਤਮ ਕਥਾ ਵਿਚ ਰੇਲ ਗੱਡੀ ਦੇ ਲੁਧਿਆਣਾ ਸਟੇਸ਼ਨ ਤੇ ਰੁਕਣ ਬਾਰੇ ਇਕ ਭਾਵ ਪੂਰਕ ਘਟਨਾ ਦਾ ਬਿਆਨ ਕੀਤਾ ਹੈ।"ਮੇਰਾ ਜਿਲਾ ਆ ਗਿਆ ਸੀ ਅਤੇ ਮੈਂ ਆਸ ਪਾਸ ਕਿਸੇ ਜਾਣਕਾਰ ਚਿਹਰੇ ਦੀ ਤਲਾਸ਼ ਕੀਤੀ ਪ੍ਰੰਤੂ ਮਾਹੌਲ ਵਿਚ ਇਨ੍ਹਾਂ ਖੋਸੀ ਕਿ ਕਿਸੇ ਨੇ ਵੀ ਸਾਡੀ ਰੇਲ ਗੱਡੀ ਦੇ ਨੇੜੇ ਫੜਕਣ ਦੀ ਜੁਰਅਤ ਨਹੀਂ ਕੀਤੀ। ਕਿਸੇ ਨੇ ਦੂਰੋ ਵੀ ਨਜ਼ਰ ਨਹੀਂ ਮਿਲਾਈ ਅਤੇ ਨਾ ਹੀ ਦੁਆ ਸਲਾਮ ਕੀਤੀ। ਸਾਨੂੰ ਬਾਅਦ ਵਿਚ ਪਤਾ ਲੱਗਿਆ ਕਿ ਸਰਕਾਰ ਅਤੇ ਉਸ ਦੇ ਤਲਵੇ ਚੱਟਣ ਵਾਲਿਆ ਨੇ ਇਹ ਗਲ ਫ਼ੈਲਾਅ ਦਿੱਤੀ ਸੀ ਕਿ ਜੋ ਲੋਕ ਸਰਕਾਰ ਨਾਲ ਲਾਹਾ ਲੈਂਦੇ ਹਨ ਉਹ ਸਿੱਖ ਨਹੀਂ ਰਹਿੰਦੇ।" 30

ਇਨਾਂ ਕੈਦੀਆਂ ਨੂੰ ਰੱਖਣ ਲਈ ਸਭ ਤੋਂ ਦੂਰਲੀ ਥਾਂ ਹਜ਼ਾਰੀ ਬਾਗ ਚੁਣੀ ਗਈ ਸੀ। ਉੱਥੇ ਵੀ ਜੇਲ ਵਿਚ ਜ਼ਬਰ ਜੁਲਮ ਤੇ ਤਸੀਹੇ ਜਾਰੀ ਰਹੇ। ਅਖ਼ੀਰ ਗ਼ਦਰ ੀਆਂ ਨੇ ਜੇਲ ਤੋਂ ਭੱਜਣ ਦੀ ਵਿਉਂਤ ਬਣਾਈ ਅਤੇ 8, 9 ਮਾਰਚ, 1918 ਦੀ ਰਾਤ ਵੇਲੇ ਉਨਾਂ ਵਿਚੋ 18 ਜੇਲ 'ਚੋਂ ਭਜੱਣ ਵਿਚ ਕਾਮਯਾਬ ਹੋ ਗਏ। ਇਸ ਅਤਿ ਮਹਤਵਪੂਰਨ ਜੇਲ ਤੋਂ ਭੱਜਣ ਦੇ ਦ੍ਰਿਸ਼ ਨੂੰ ਦਰਸਾਉਣ ਵਾਲੀਆਂ ਦੋ ਘਟਨਾਂਵਾ ਇਹ ਜ਼ਾਹਿਰ ਕਰਦੀਆਂ ਹਨ ਕਿ ਜੇਲ ਦਾ ਸਟਾਫ ਉਹਨਾ ਤੋਂ ਕਿਸ ਕਦਰ ਭੈਭੀਤ ਸੀ।

ਪਹਿਲੀ– ਜਦੋਂ ਜੇਲ ਦਾ ਅਲਾਰਮ ਵਜਿਆ। ਜੇਲ ਗਾਰਡਾਂ ਨੂੰ ਹੁਕਮ ਦਿਤਾ ਗਿਆ ਕਿ ਉਹ ਅਸਲਾ ਘਰ ਵਿਚ ਆਪਣੇ ਹਥਿਆਰ ਜਮ੍ਹਾਂ ਕਰ ਦੇਣ ਤਾਂ ਜੋ ਕਿਤੇ ਭਜੱਣ ਵਾਲੇ ਗ਼ਦਰ ੀ ਉਹਨਾਂ ਦੀਆਂ ਬੰਦੂਕਾਂ ਨਾ ਲੈ ਜਾਣ।

ਦੂਜੀ–ਗ਼ਦਰ ੀਆਂ ਨੇ ਜੇਲ 'ਚੋਂ ਭੱਜਣ ਦੀ ਇਸ ਸਫ਼ਲ ਯੋਜਨਾ ਵਿੱਚ ਉੱਚੀ-ਉੱਚੀ '*ਸ਼ਬਦ'* ਉਚਾਰਨ ਦੀ ਯੋਜਨਾ ਬਣਾਈ ਸੀ ਤਾਂ ਜੋ ਦੂਜੇ ਪਾਸੇ ਦੀਆਂ ਅਵਾਜਾਂ ਉਸ ਵਿਚ ਦੱਬ ਜਾਣ। ਇਕ ਵਾਰ ਉਹਨਾਂ ਦੇ ਜੇਲ ਤੋਂ ਭੱਜ ਜਾਣ ਦੇ ਬਾਅਦ ਸ਼ਾਮ ਵੇਲੇ ਜਦੋ ਜੇਲ ਦੇ ਵਾਰਡਨ ਨੂੰ ਮਹਿਸੂਸ ਹੋਇਆ ਕਿ *ਸ਼ਬਦ* ਕੀਰਤਨ ਆਮ ਨਾਲੋ ਵਧੇਰੇ ਉਂਚਾ ਹੋ ਰਿਹਾ ਹੈ ਤਾਂ ਉਹ ਭੱਜ ਕੇ ਜੇਲਰ ਕੋਲ ਗਿਆ ਅਤੇ ਕਹਿਣ ਲੱਗਿਆ ਕਿ ਉਹ ਸਿੱਖ ਇਕ ਵਾਰ ਫੇਰ "ਭੱਜਣ ਵਾਲਾ ਮੰਤਵ" ਬੋਲ ਰਹੇ ਹਨ =

ਇਹਨਾਂ ਗ਼ਦਰੀਆਂ ਵਿਚੋ ਇਕ ਬਾਬਾ ਹਰਨਾਮ ਸਿੰਘ (ਕਾਲਾ ਸੰਘੀਆਂ, ਕਪੂਰਥਲਾ), ਇਕ ਪੂਰਵ ਫੌਜੀ 21 ਸਾਲ ਲਗਾਤਾਰ ਜੇਲ ਵਿਚ ਰਹੇ ਅਤੇ ਉਹਨਾਂ ਦੀ ਜਾਇਦਾਦ ਲਗਾਤਾਰ 2011 ਤੱਕ ਜ਼ਬਤ ਰਹੀ ਜਦੋਂ ਇਸ ਲੇਖਕ ਨੇ ਇਕ ਪੰਜਾਬ ਅਤੇ ਹਰਿਆਣਾ

ਹਾਈ ਕੋਰਟ, ਚੰਡੀਗੜ੍ਹ ਵਿਚ ਪਬਲਿਕ ਇੰਟਰਸਟ ਲਿਟੀਗੇਸ਼ਨ ਦਾਇਰ ਕਰਕੇ ਉਸ ਜਾਇਦਾਦ ਦੀ ਮੌਜੂਦਾ ਬਾਜ਼ਾਰੀ ਕੀਮਤ ਅਨੁਸਾਰ ਮੁਆਵਜ਼ਾ ਦਵਾਉਣ ਵਿਚ ਸਫ਼ਲਤਾ ਹਾਸਲ ਕੀਤੀ।

**ਇਕ ਅਮੀਰ ਪਰੰਪਰਾ**

ਇਹਨਾਂ ਸਿਦਕ ਸਦਾਕਤ ਵਾਲੇ ਬਾਬਿਆਂ, ਜੋ ਕਿ ਜਨਤਕ ਰੋਸ਼ਨੀ ਵਿਚ ਨਹੀਂ ਆਉਂਦੇ ਸਨ ਅਤੇ ਅਧਿਆਤਮ, ਆਰਥਕ, ਸਿੱਖਿਅਕ ਮੁੱਦਿਆਂ ਤੇ ਲਗਾਤਾਰ ਕੰਮ ਕਰਦੇ ਰਹੇ, ਨੂੰ ਪੂਰੀ ਤਰ੍ਹਾਂ ਸਮਝਣ ਲਈ, ਪਹਿਲਾਂ ਗੌਰ ਨਾਲ ਬੁਝਣਾ ਦੇਖਣਾ ਬਹੁਤ ਜ਼ਰੂਰੀ ਸੀ। ਹਰ ਕਿਸੇ ਨੇ ਆਪਣੇ ਤਰੀਕੇ ਨਾਲ ਜਿੱਥੇ ਵੀ ਉਹ ਰਿਹਾ, ਜੋ ਵੀ ਜਤਨ ਕੀਤੇ, ਉਸ ਨਾਲ ਜਿੰਦਗੀ ਨੂੰ ਹੋਰ ਭਰਪੂਰ ਕੀਤਾ। ਅਜਿਹਾ ਕਰਨਾ ਉਹਨਾਂ ਦਾ ਦੁਨੀਆ ਪ੍ਰਤੀ ਅਜਿਹਾ ਨਜ਼ਰੀਆ ਸੀ ਜਿਸ ਨੂੰ ਕਿ ਜਰਮਨ ਵਿਚ 'ਵੇਲਤਨਚੁਆਂਗ' ਆਖਿਆ ਗਿਆ। ਆਪਣੀਆਂ ਪੇਂਡੂ ਜੜਾਂ ਤੋਂ ਉੱਪਰ ਉੱਠ ਕੇ ਉਹਨਾਂ ਦੀਆਂ ਕਾਰਨਾਮਿਆਂ ਵਿਚ ਅਜਿਹਾ ਨਜ਼ਰੀਆ ਜ਼ਾਹਿਰ ਸੀ ਪ੍ਰੰਤੂ ਗ਼ਦਰ ਪਾਰਟੀ ਦੇ ਇਕ ਬੁਨੀਆਦੀ ਅਸੂਲ ਤੇ ਇਹ ਖ਼ਾਸਤਰ ਤੇ ਢੁੱਕਵਾਂ ਸੀ- ਜਿਸ ਦੇਸ ਦੇ ਵਿਚ ਗ਼ਦਰ ਪਾਰਟੀ ਦਾ ਕੋਈ ਮੈਂਬਰ ਰਹਿ ਰਿਹਾ ਹੈ ਅਤੇ ਉਸ ਦੇਸ਼ ਦੀ ਅਜ਼ਾਦੀ ਲਈ ਜੰਗ ਸ਼ੁਰੂ ਹੋ ਜਾਵੇ ਤਾਂ ਉਸ ਜੰਗ ਵਿਚ ਸ਼ਾਮਲ ਹੋਣਾ ਮੈਂਬਰ ਦਾ ਲਾਜ਼ਮੀ ਫਰਜ਼ ਹੋਵੇਗਾ। ਇਸ ਦਾ ਪ੍ਰੱਤਖ ਪ੍ਰਮਾਣ ਡੱਚ ਸਾਮਰਾਜਵਾਦ ਵਿਰੁਧ ਇਨੰਡੋਨੇਸ਼ੀਆ ਦੇ ਸੁਤੰਤਰਤਾ ਸੰਗ੍ਰਾਮ ਵਿਚ ਬਾਬਾ ਹਰੀ ਸਿੰਘ ਉਸਮਾਨ ਦੀ ਸ਼ਮੂਲੀਅਤ ਸੀ, ਜਿਸ ਵਿਚ ਉਹਨਾ ਨੂੰ ਠੁੱਡੇ ਮਾਰ ਮਾਰ ਕੇ ਮੌਤ ਦੀ ਸਜ਼ਾ ਸੁਣਾਈ ਗਈ। ਬਾਬਾ ਜੀ ਦੇ ਦੋਹਵੇਂ ਇੰਡੋਨੇਸ਼ੀਅਨ ਪੁੱਤਰ ਵੀ ਪਿੱਛੇ ਨਹੀਂ ਰਹੇ ਉਹਨਾਂ ਨੇ ਇੰਡੀਅਨ ਨੈਸ਼ਨਲ ਆਰਮੀ ਵਿਚ ਹਿੱਸਾ ਲਿਆ ਅਤੇ ਵਡੇ ਪੁੱਤਰ ਨੇ ਆਪਣੀ ਪਿਤਰੀ ਭੂਮੀ ਦੀ ਅਜ਼ਾਦੀ ਲਈ ਲੜਦਿਆਂ ਹੋਏ ਜਾਨ ਦੇ ਦਿੱਤੀ = 33

**ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸਾਂ ਬਾਰੇ**

ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੇ ਵਿਸ਼ੇ ਵਿਚ ਬਹੁਤ ਹੀ ਘੱਟ ਇਤਿਹਾਸਕਾਰਾਂ ਨੇ ਗਾਂਧੀ ਦੁਆਰਾ ਚਲਾਈ ਮੁਹਿਮ ਤੋਂ ਇਲਾਵਾ ਕਿਸੇ ਹੋਰ ਲਹਿਰ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਹੈ।ਸ਼ਾਇਦ ਸੁਤੰਤਰਤਾ ਸੰਗ੍ਰਾਮ ਦੀ "ਲਹੂ ਰਹਿਤ" ਪ੍ਰਾਪਤੀ ਬਾਰੇ ਮਿੱਥਕ ਨੂੰ ਫ਼ੈਲਾਉਣ ਦਾ ਇਹੀ ਇਕ ਜ਼ਰੀਆ ਸੀ।

ਪ੍ਰੰਤੂ ਇਹ ਵਿਚਾਰ ਕਿੰਨਾ ਕੱਚਾ ਹੈ, ਨਾ-ਮਿਲਵਰਨ ਅੰਦੋਲਨ ਦੌਰਾਨ ਹੋਏ ਖ਼ੂਨ ਖਰਾਬੇ ਬਾਰੇ ਵਿਚਾਰਨ ਤੇ ਇਹ ਸਾਬਤ ਹੋ ਜਾਂਦਾ ਹੈ। 1919 ਵਿਚ ਇਹ ਲਹਿਰ ਗਾਂਧੀ ਦੁਆਰਾ ਸ਼ੁਰੂ ਕੀਤੀ ਗਈ ਜੋ ਉਹਨਾਂ ਨੇ ਫਰਵਰੀ 1922 ਨੂੰ ਹੋਰ ਕਿਸੇ ਕਾਂਗਰਸੀ ਲੀਡਰ ਨੂੰ ਵਿਸ਼ਵਾਸ ਵਿਚ ਲਏ ਬਗੈਰ, "ਮੁਲਤਵੀ" ਕਰ ਦਿੱਤੀ। ਇਸ ਅਚਾਨਕ ਮੁਲਤਵੀ ਕਰਨ ਦਾ ਉਪਰੀ ਕਾਰਨ ਕਾਂਗਰਸੀ ਅੰਦੋਲਨਕਾਰੀਆਂ ਵਲੋ ਚੌਰਾ-ਚੌਰੀ (ਯੂ.ਪੀ.) ਪੁਲਿਸ ਥਾਣਾ ਜਲਾ ਕੇ 21 ਪੁਲਿਸ ਕਰਮੀਆਂ ਨੂੰ 5 ਫਰਵਰੀ, 1922 ਨੂੰ ਮਾਰ ਦਿੱਤੇ ਜਾਣਾ ਹੈ। ਸਰਕਾਰ ਦੁਆਰਾ 6.1.1923 ਨੂੰ 175 ਲੋਕਾਂ ਨੂੰ ਕੇਵਲ ਇਸ ਘਟਨਾ ਦੇ ਸਬੰਧ ਵਿਚ ਫ਼ਾਂਸੀ ਤੇ ਲਟਕਾ ਦਿੱਤਾ ਗਿਆ ਸੀ।ਇਸ ਤੋ ਇਲਾਵਾ, 13 ਅਪ੍ਰੈਲ, 1919 ਨੂੰ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਅੰਨ੍ਹੇਵਾਹ ਗੋਲੀਆਂ ਚਲਾਏ ਜਾਣ ਨਾਲ ਘੱਟੋ ਘੱਟ 464 ਲੋਕ ਮਾਰੇ ਗਏ ਅਤੇ 1200 ਤੋ ਵੱਧ ਜ਼ਖ਼ਮੀ ਹੋਏ।ਇਹ ਤਾਂ ਆਈਸਬਰਗ ਦੀ ਨੋਕ ਹੀ ਹੈ।

ਜੋ ਵੀ ਹੋਵੇ, ਇਤਿਹਾਸਕਾਰਾਂ ਵੱਲੋਂ ਕ੍ਰਾਂਤੀਕਾਰੀ ਲਹਿਰਾਂ ਨੂੰ ਇਕ ਵਰਗ ਦੇ ਤੌਰ ਤੇ ਨਜ਼ਰਅੰਦਾਜ ਕੀਤਾ ਗਿਆ ਹੈ। ਗ਼ਦਰ ਪਾਰਟੀ ਦੁਆਰਾ ਚਲਾਈ 1914-15 ਵਿਚ ਲੋਕਾਂ ਦੀ ਵੱਡੀ ਸਮੂਲੀਅਤ ਵਾਲੀ ਕ੍ਰਾਂਤੀਕਾਰੀ ਲਹਿਰ ਇਸ ਦੀ ਮਿਸਾਲ ਹੈ। ਇਸ ਪ੍ਰਕਾਰ ਹਰ ਹਿਸਾਬ ਨਾਲ "ਸਰਕਾਰੀ" ਇਤਿਹਾਸ ਕਾਂਗਰਸ ਅਤੇ ਗਾਂਧੀ ਦੁਆਲੇ ਹੀ ਕੇਂਦ੍ਰਿਤ ਰਹੇ ਹਨ।

ਜ਼ਾਹਿਰ ਹੈ ਕਿ ਇਹ ਗਾਂਧੀ ਦੀ ਕ੍ਰਾਂਤੀਕਾਰੀਆਂ ਪ੍ਰਤੀ ਹਿਕਾਰਤ ਜੋ ਕਿ ਨਫ਼ਰਤ ਦੀ ਹਦ ਤਕ ਸੀ, ਦਾ ਹੀ ਪ੍ਰਤਿਫਲ ਹੈ। ਉਹਨਾ ਦੁਆਰਾ ਇਸ ਪ੍ਰਕਾਰ ਦਾ ਵਤੀਰਾ ਸਤੰਬਰ 1929, ਵਿਚ ਬੜੇ ਸਪਸ਼ਟ ਰੂਪ ਵਿਚ ਪ੍ਰਗਟਾਇਆ ਗਿਆ ਸੀ ਜਦੋ ਕੇਵਲ ਅਤੇ ਕੇਵਲ ਗਾਂਧੀ ਹੀ ਅਜਿਹਾ ਵਿਅਕਤੀ ਸੀ ਜਿਸ ਨੇ ਕਿ ਰਾਸ਼ਟਰੀ ਪੱਧਰ ਤੇ ਮਨਾਏ ਜਾਣ ਵਾਲੇ ਸੋਗ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਸੋਗ ਸ਼ਹੀਦ ਜਤਿਨ ਦਾਸ, ਜੋ ਕਿ ਸ਼ਹੀਦ ਭਗਤ ਸਿੰਘ ਦਾ ਸਾਥੀ ਸੀ ਅਤੇ ਜਿਸ ਨੇ ਲਾਹੌਰ ਸੈਂਟਰਲ ਜੇਲ ਵਿਚ

ਇਕ ਲੰਬੀ ਭੁਖ ਹੜਤਾਲ ਬਾਅਦ 13 ਸਤੰਬਰ, 1929 ਨੂੰ ਦਮ ਤੋੜ ਦਿੱਤਾ ਸੀ, ਦੀ ਸਹਾਦਤ ਦੇ ਸਨਮਾਨ ਵਿਚ ਸੀ। ਮਿਸਟਰ ਜਿਨਾਹ ਵਰਗੇ ਲੀਡਰਾਂ ਨੇ ਵੀ ਇਸ ਰਾਸ਼ਟਰੀ ਸੋਗ ਵਿਚ ਸ਼ਮੂਲੀਅਤ ਕੀਤੀ ਸੀ।

ਇਸ ਗੱਲ ਨੂੰ ਗਾਂਧੀ ਦੇ ਅੰਹਿਸਾ ਦੇ ਸਿਧਾਂਤ ਤੇ ਪੂਰਨ ਰੂਪ ਤੇ ਟਿਕੇ ਹੋਣ ਦੇ ਅਧਾਰ ਤੇ, ਸਹੀ ਠਹਰਾਇਆ ਜਾਣ ਦੀ ਕਸ਼ਿਸ ਕੀਤੀ ਗਈ ਪ੍ਰੰਤੂ ਇਸ ਇਤਿਹਾਸਕ ਤੱਥ ਨੂੰ ਫੇਰ ਕੋਈ ਕਿਵੇਂ ਸਮਝੇ ਕਿ ਇਹ ਉਹੀ ਗਾਂਧੀ ਸੀ ਜਿਸ ਨੇ ਕਿ ਪਹਿਲੀ ਆਲਮੀ ਜੰਗ ਦੁਆਰਾ ਬ੍ਰਿਟਿਸ਼ ਸਾਮਰਾਜੀ ਆਰਮੀ ਦੇ ਰਿਕਰੂਟਿੰਗ ਸਰਜੰਟ ਦੇ ਤੌਰ ਤੇ ਸਵੈ-ਇੱਛਾ ਨਾਲ ਕੰਮ ਕੀਤਾ ਸੀ। ਉਸ ਨੇ ਆਪਦੀ ਸਿਹਤ ਦੀ ਪਰਵਾਹ ਕੀਤੇ ਬਗੈਰ ਦਿਨ ਰਾਤ ਕੰਮ ਕੀਤਾ ਅਤੇ ਭਾਰਤੀ ਨੌਜਵਾਨਾਂ ਨੂੰ ਫ਼ੌਜ ਵਿਚ ਸ਼ਾਮਲ ਕਰਵਾਉਣ ਲਈ ਪ੍ਰਲੋਭਨ ਦਿੱਤੇ। ਇੰਝ ਇਸ ਵਤੀਰੇ ਨੂੰ ਆਪਣੀ "ਡਿਊਟੀ" ਦਾ ਹਿੱਸਾ ਕਹਿੰਦਿਆ ਉਸ ਨੇ ਸਾਥੀ ਭਾਰਤੀਆਂ ਨੂੰ ਭਰਤੀ ਕਰਨ ਵਿਚ ਭੂਮਿਕਾ ਅਦਾ ਕੀਤੀ, ਜੋ ਕਿ ਦਰਅਸਲ ਬ੍ਰਿਟਿਸ਼ ਰਾਜ ਤੋ ਅਜ਼ਾਦੀ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਸਨ।

ਤਾਂ ਜੋ ਇਸ ਗਲ ਨੂੰ ਕੋਈ ਫ਼ਰਜੀ ਘਟਨਾ ਨਾ ਮੰਨਿਆ ਜਾਵੇ, ਇਸ ਨੂੰ ਸਾਬਤ ਕਰਨ ਲਈ ਇਕ ਵਾਸਤਵਿਕ ਉਦਾਹਰਣ ਦਿੱਤਾ ਜਾ ਸਕਦਾ ਹੈ ਜੋ ਕਿ ਬ੍ਰਿਟਿਸ਼ ਫੌਵਿਚ ਭਾਰਤੀ ਜਵਾਨਾਂ ਅਤੇ ਅਜ਼ਾਦੀ ਦੀ ਲਹਿਰ ਦੇ ਸਬੰਧ ਵਿਚ ਗਾਂਧੀ ਦੇ ਫ਼ਰਜ਼ ਦੇ ਸੰਕਲਪ ਨੂੰ ਸਪਸ਼ਟ ਕਰਦਾ ਹੈ।ਗਾਂਧੀ ਦੁਆਰਾ ਚਲਾਈ ਸਿਵਲ ਨਾਫ਼ਰਮਾਨੀ ਲਹਿਰ ਦੌਰਾਨ 23 ਅਪ੍ਰੈਲ, 1923 ਨੂੰ ਪੇਸ਼ਾਵਰ (ਹੁਣ ਪਾਕਿਸ਼ਤਾਨ) ਵਿਖੇ ਇਕ ਘਟਨਾ ਵਾਪਰੀ। ਅੰਦੋਲਨਕਾਰੀਆਂ ਦੇ ਇਕ ਝੁੰਡ ਨੇ ਤਿੱਤਰ-ਬਿੱਤਰ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਲਈ 18 ਗੜ੍ਹਵਾਲ ਰਾਈਫ਼ਲ ਦੀ ਸੈਕੰਡ ਬਟਾਲੀਅਨ ਦੀ ਇੱਕ ਪਲਟੂਨ ਨੂੰ ਬੁਲਾਇਆ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਉਹ ਗੋਲੀਆਂ ਚਲਾ ਕੇ ਅੰਦੋਲਨਕਾਰੀਆਂ ਨੂੰ ਭਜਾ ਦੇਵੇ। ਪਲਟੂਨ ਦੀ ਕਮਾਨ ਹਵਲਦਾਰ ਮੇਜਰ (ਉਸ ਸਮੇਂ) ਚੰਦਰ ਸਿੰਘ ਦੇ ਹੱਥ ਸੀ ਅਤੇ ਉਸ ਨੇ ਇਸ ਹੁਕਮ ਨੂੰ ਮਣਨ ਤੋਂ ਇਨਕਾਰ ਕਰ ਦਿੱਤਾ ਅਤੇ ਵਿਰੋਧ ਕੀਤਾ ਕਿ ਫ਼ੌਜੀ ਹੋਣ ਕਾਰਨ ਉਹ ਇਕ ਸ਼ਾਂਤ ਝੁੰਡ ਤੇ ਗੋਲੀਆਂ ਨਹੀਂ ਚਲਾਉਣਗੇ। ਉਹਨਾ ਦਾ ਕੋਰਟ ਮਾਰਸ਼ਲ ਕੀਤਾ ਗਿਆ ਅਤੇ 10 ਤੋ 14 ਸਾਲ ਲਈ ਜੇਲ ਦੀ ਸਜ਼ਾ ਸੁਣਾਈ ਗਈ ਅਤੇ ਅੰਡੇਮਾਨ ਰਵਾਨਾ ਕਰ ਦਿੱਤਾ ਗਿਆ।

ਜਦੋ ਕਾਂਗਰਸ ਅਤੇ ਸਰਕਾਰ ਵਿਚ ਸਮਝੋਤੇ ਬਾਰੇ ਗੱਲਬਾਤ ਸ਼ੁਰੂ ਹੋਈ ਤਾਂ ਗਾਂਧੀ ਨੇ ਗੜ੍ਹਵਾਲੀ ਫੌਜੀਆਂ ਲਈ ਕਿਸੇ ਕਿਸਮ ਦੀ ਰਿਆਇਤ ਜਾਂ ਰਹਿਮ ਲਈ ਗੁਜ਼ਾਰਿਸ਼ ਕਰਨ ਤੋ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ "ਉਨ੍ਹਾਂ ਨੇ ਬਤੋਰ ਫੌਜ਼ੀ ਅਪਣੀ ਵਫ਼ਾਦਾਰੀ ਦੀ ਸੌਂਹ ਦਾ ਉਲੰਘਣ ਕੀਤਾ ਹੈ"। ਨਤੀਜੇ ਵਜੋਂ ਗਾਂਧੀ ਇਰਵਿਨ ਪੈਕਟ ਵਿਚ ਉਹਨਾਂ ਲਈ ਮੁਆਫ਼ੀ ਜਾਂ ਸਜ਼ਾ ਘੱਟ ਕਰਨ ਬਾਰੇ ਕੋਈ ਵੀ ਹੁੰਗਾਰਾ ਨਹੀਂ ਭਰਿਆ ਗਿਆ।ਬ੍ਰਿਟਿਸ਼ ਫੌਜ ਦੇ ਭਾਰਤੀ ਫੌਜੀ, ਜਿਹੜੇ ਕਿ ਦੂਜੀ ਆਲਮੀ ਜੰਗ ਵੇਲੇ ਆਈ ਐਨ ਏ ਵਿਚ ਸ਼ਾਮਲ ਹੋ ਗਏ ਅਤੇ ਫਰਵਰੀ, 1946 ਦੀ ਨੇਵਲ ਰੇਟਿੰਗਸ ਵੇਲੇ ਵੀ ਉਨ੍ਹਾਂ ਨੇ ਉਹੀ "ਜ਼ੁਰਮ" ਦੁਬਾਰਾ ਕੀਤਾ।

ਸੁਤੰਤਰਤਾ ਸੰਗ੍ਰਾਮ ਦੀਆਂ ਵਾਰਦਾਤਾ ਵਿਚੋਂ ਕੁਝ ਤੱਥਾਂ ਤੇ ਗੌਰ ਕਰਕੇ, ਇਤਿਹਾਸ ਦੀਆਂ ਕਿਤਾਬਾਂ 'ਤੇ ਨਜ਼ਰਸਾਨੀ ਕਰਨੀ ਦੁਰਸਤ ਹੋਵੇਗੀ ਤਾਂ ਕਿ ਇਹ ਪਤਾ ਲਗ ਸਕੇ ਕਿ ਉਨ੍ਹਾਂ ਵਿਚ ਇਨ੍ਹਾਂ ਘਟਨਾਵਾਂ ਦਾ ਵੇਰਵਾ ਕਿਸ ਪ੍ਰਕਾਰ ਦਾ ਦਿੱਤਾ ਗਿਆ ਹੈ। ਇਸ ਦਾ ਇਕ ਨਮੂਨਾ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਦੁਆਰਾ ਡਾਕਟਰ ਤਾਰਾ ਚੰਦ ਦੀ ਲਿੱਖੀ ਚਾਰ ਜਿਲਦਾਂ ਵਿਚ ਛਾਪਿਆ *ਹਿਸਟਰੀ ਆਫ ਫਰੀਡਮ ਮੂਵਮੈਂਟ ਆਫ ਇੰਡੀਆ (1992* ਐਡੀਸ਼ਨ), ਦੇਖਿਆ ਜਾ ਸਕਦਾ ਹੈ। ਇਸ ਕਿਤਾਬ ਦੀ ਚੌਥੀ ਜਿਲਦ ਦੇ 126 ਨੰਬਰ ਵਰਕੇ ਤੇ ਗੜ੍ਹਵਾਲੀ ਫੌਜੀਆ ਦੇ ਸਬੰਧ ਵਿਚ ਘਟਨਾ ਦਰਜ ਹੈ।

ਉਹਨਾਂ ਦੁਆਰਾ ਗੋਲੀ ਚਲਾਉਣ ਤੋਂ ਇੰਨਕਾਰ ਅਤੇ ਉਸ ਦੇ ਨਤੀਜੇ ਵਜੋਂ ਸਜ਼ਾ ਦਾ ਜ਼ਿਕਰ ਵੀ ਮਿਲਦਾ ਹੈ ਪ੍ਰੰਤੂ ਅੰਦੋਲਨਕਾਰੀਆਂ ਲਈ ਸਜ਼ਾ ਮੁਆਫ਼ੀ, ਜੋ ਕਿ ਕਿਸੇ ਵੀ ਅੰਦੋਲਨ ਜਾਂ ਸੰਘਰਸ਼ ਵਿਚ ਰਜ਼ਾਮੰਦੀ ਦੀ ਅਹਿਮ ਸ਼ਰਤ ਹੁੰਦੀ ਹੈ, ਉਸ ਬਾਰੇ ਗਾਂਧੀ ਦੁਆਰਾ ਲਏ ਗਏ ਸਟੈਂਡ ਦਾ ਕੋਈ ਜ਼ਿਕਰ ਨਹੀਂ ਹੈ।

ਇਸ ਗੱਲ ਨੂੰ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੜ੍ਹਵਾਲੀ ਫੌਜੀ ਅੰਹਿਸਾ ਦੇ ਸਿਧਾਂਤ ਦੇ ਪਰਮ ਪਾਲਣਹਾਰੇ ਸਨ ਪ੍ਰੰਤੂ ਗਾਂਧੀ ਸੱਚਾਈ ਅਤੇ ਅੰਹਿਸਾ ਦੇ ਪੈਰੋਕਾਰ ਨਹੀਂ ਸਨ।

ਡਾਕਟਰ ਤਾਰਾ ਚੰਦ ਨੇ ਗਾਂਧੀ ਦੁਆਰਾ ਭਰਤੀ ਮੁਹਿਮ ਬਾਰੇ ਪੰਨਾ 456, ਜਿਲਦ 3 ਵਿਚ ਇਕ ਪੰਗਤੀ ਦਾ ਜ਼ਿਕਰ ਕੀਤਾ ਹੈ। ਇਸ ਸਾਰੇ ਵਿਚਾਰਵਿਮਰਸ਼ ਦਾ ਲਬ-ਓ-ਲੁਬਾਬ ਇਹ ਹੈ ਕਿ ਗਾਂਧੀ ਦੇ ਦਾਰਸ਼ਨਿਕ ਪਿਛੋਕੜ (ਪੰਨੇ 190-221, ਜਿਲਦ 3) ਲਈ ਲਿਖੇ 30 ਵਰਕਿਆਂ ਵਿਚ ਇਨ੍ਹਾਂ ਦੋਹਾਂ ਘਟਨਾਵਾਂ ਦਾ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਸਪਸ਼ਟ ਹੈ ਕਿ ਇਸ ਨਾਮਵਰ ਇਤਿਹਾਸਕਾਰ ਨੂੰ ਇਹਨਾ ਘਟਨਾਵਾਂ ਦਾ ਗਾਂਧੀ ਦੀ ਵਿਚਾਰਧਾਰਾ ਦੇ ਨਾਲ ਜਰੂਰੀ ਤੋਰ ਤੇ ਜੋੜਕੇ ਵੇਖਣਾ ਲੋੜੀਂਦਾ ਸੀ।

ਡਾਕਟਰ ਤਾਰਾ ਚੰਦ ਅਨੁਸਾਰ, "ਗਾਂਧੀ ਦੀਆਂ ਉਨ੍ਹਾਂ ਦੇ ਆਪਣੇ ਜੀਵਨਕਾਲ ਵਿਚ ਅਤੇ ਭਾਰਤ ਦੇ ਲਈ ਪ੍ਰਾਪਤੀਆਂ ਬੇਸ਼ਕ ਬਹੁਤ ਹੀ ਕਮਾਲ ਦੀਆਂ ਸਨ ਜਿਸ ਨਾਲ ਕਿ ਉਸ ਨੂੰ ਇਤਿਹਾਸ ਦੇ ਨਾਇਕਾਂ ਦੇ ਵਿਚ ਮੂਹਲੀ ਥਾਂ ਦਾ ਹੱਕ ਮਿਲਦਾ ਹੈ ਅਤੇ ਉਸ ਦੇ ਸੱਚ ਅਤੇ ਅੰਹਿਸ਼ਾ ਦੇ ਪਾਠ ਅਤੇ ਆਪਣਾ ਨਿੱਜੀ ਮਹਾਨ ਉਦਾਹਰਣ, ਸਦਾ ਲਈ ਅਮਰ ਰਹਿਣਗੇ (ਪੰਨਾ 191, ਜ਼ਿਲਦ 3)।

ਜ਼ਾਹਿਰ ਹੈ ਕਿ ਇਸ ਕੁਸ਼ਲ ਇਤਿਹਾਸਕਾਰ ਦੁਆਰਾ ਅਜਿਹੇ ਅਣਸੁਖਾਵੇਂ ਤੱਥ ਗੱਲਬਾਤ ਦੇ ਢੇਰ ਥੱਲੇ ਦਬਾ ਦੇਣੇ ਲੋੜੀਂਦੇ ਸਮਝੇ ਗਏ।

ਹੈਰਾਨੀ ਦੀ ਗੱਲ ਹੈ ਕਿ ਗਾਂਧੀ ਜੀ ਨੇ ਕ੍ਰਾਂਤੀਕਾਰੀਆਂ ਨੂੰ ਉਹਨਾਂ ਦੇ ਹਿੰਸਕ ਕੰਮਾਂ ਕਰਕੇ ਨਿੰਦਣ ਦਾ ਕੋਈ ਵੀ ਮੌਕਾ ਕਦੇ ਨਹੀਂ ਗਵਾਇਆ ਬਲਕਿ ਉਹਨਾਂ ਨੇ ਤਾਂ ਦਸੰਬਰ, 1929 ਦੇ ਲਾਹੌਰ ਕਾਂਗਰਸ ਸਮਾਗਮ ਵਿਚ ਇਕ ਮਤਾ ਪਾਸ ਕਰਵਾਉਣ ਨੂੰ ਆਪਣੀ ਨਿੱਜੀ ਇੱਜ਼ਤ ਦਾ ਸਵਾਲ ਬਣਾ ਲਿਆ ਸੀ। ਇਹ ਮਤਾ ਕ੍ਰਾਂਤੀਕਾਰੀਆਂ ਦੁਆਰਾ ਕੀਤੀ ਗਈ ਉਸ ਨਾਕਾਮ ਕੋਸ਼ਿਸ਼ ਦੀ ਨਿਖੇਧੀ ਕਰਨ ਬਾਰੇ ਸੀ ਜਿਸ ਵਿਚ 23 ਦਸੰਬਰ, 1923 ਨੂੰ, ਵਾਈਸਰਾਏ ਲਾਰਡ ਇਰਵਿਨ ਜਿਸ ਰੇਲ ਗੱਡੀ ਵਿਚ ਉਹ ਯਾਤਰਾ ਕਰ ਰਿਹਾ ਸੀ, ਉਸ ਨੂੰ ਬੰਬ ਨਾਲ ਉੜਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਅੰਮ੍ਰਿਤਸਰ ਕਾਂਗਰਸ ਇਜਲਾਸ ਵਿਚ ਦਸੰਬਰ 1919 ਦੌਰਾਨ ਜਲਿਆ ਵਾਲਾ ਕਬਾਰੇ ਉਹ ਚੁੱਪ ਰਹੇ ਸਨ ਅਤੇ ਇਸ ਤੋਂ ਉਲਟ ਉਹਨਾ ਨੇ ਇਹ ਮਤਾ ਪਾਸ ਕਰਵਾਉਣਾ ਯਕੀਨੀ ਬਣਾਇਆ ਸੀ "ਬਾਦਸ਼ਾਹ ਪ੍ਰਤੀ ਵਫ਼ਾਦਾਰੀ ਅਤੇ ਜੰਗ ਦੀ ਫਤਹਿ ਉਪਰੰਤ ਤਸੱਲੀ ਦਾ ਪ੍ਰਗਟਾਅ".... (ਤਾਰਾ ਚੰਦ, ਪੰਨਾ 468)

ਇਤਿਹਾਸਕਾਰਾਂ ਦੁਆਰਾ ਵਿਆਪਕ ਤੌਰਤ ਤੇ ਲਹਿਰਾਂ ਬਾਰੇ ਜਿਸ ਪ੍ਰਕਾਰ ਲਿਖਿਆ ਗਿਆ ਹੈ ਉਸ ਦੇ ਸਬੰਧ ਵਿਚ ਨਾ-ਮਿਲਵਰਨ ਅੰਦੋਲਨ ਦਾ ਉਦਾਹਰਣ ਢੁੱਕਵਾ ਹੋਵਗਾ। ਤੀਜੀ ਜਿਲਦ ਦੇ 11ਵੇਂ ਅਧਿਆਏ ਵਿਚ ਇਸ ਨੂੰ ਚੰਗੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਕੇਂਦਰੀ ਅਸੈਂਬਲੀ ਦੁਆਰਾ 25.3.1919 ਨੂੰ ਰੌਲਟ ਐਕਟ ਨੂੰ ਕਬੂਲ ਕਰਨ ਨੂੰ ਇਸ ਅੰਦੋਲਨ ਦਾ ਮੁਢ ਮੰਨਣਾ ਦਰੁਸਤ ਹੋਵੇਗਾ। ਇਹ "ਕਾਲੇ ਕਾਨੂੰਨਾਂ" ਦੇ ਦਸਤਾਵੇਜ਼ ਸਨ ਜੋ ਕਿ ਸੱਤਾਧਾਰੀਆਂ ਦੁਆਰਾ ਸ਼ਾਂਤੀ ਪੂਰਨ ਮੁਜ਼ਾਹਰਿਆਂ ਤੇ ਵੀ ਰੋਕ ਲਗਾਉਂਦੇ ਸਨ। ਨਾਲ ਹੀ ਤਿੰਨ ਜਿਲਦ ਦੇ ਪੰਨਾ ਨੰ. 456 ਵਿਚ ਇਹ ਲਿਖਿਆ ਹੈ ਕਿ ਬੰਗਾਲ ਮਹਾਰਾਸ਼ਟਰ ਦੀਆਂ ਕ੍ਰਾਂਤੀਕਾਰੀ ਲਹਿਰਾਂ ਅਤੇ ਪਹਿਲੀ ਆਲਮੀ ਜੰਗ ਦੌਰਾਨ ਪੰਜਾਬ ਦੇ ਗ਼ਦਰੀਆਂ ਕਰਕੇ ਸਰਕਾਰ ਦੁਆਰਾ ਇਹ ਕਦਮ ਚੁੱਕੇ ਜਾਣੇ ਜ਼ਰੂਰੀ ਸਮਝੇ ਗਏ ਸਨ।

ਜੰਗ ਦੇ ਬਾਅਦ ਦੇ ਸਾਲਾਂ ਵਿਚ ਗ਼ਦਰੀਆਂ ਅਤੇ ਹੋਰ ਕ੍ਰਾਂਤੀਕਾਰੀ ਲਹਿਰਾਂ ਦੁਆਰਾ ਉੱਘੇ ਖ਼ਤਰੇ ਬਾਰੇ ਸਰਕਾਰ ਦੀ ਸੋਚ ਕੀ ਸੀ, ਇਸ ਨੂੰ ਜਾਣਨਾ ਉਚਿਤ ਹੋਵੇਗਾ।

ਸੱਚ ਤਾਂ ਇਹ ਹੈ ਕਿ ਸਰਕਾਰ ਨੂੰ ਰੌਲਟ ਐਕਟ ਵਰਗੇ ਦਰਿੰਦੇ ਕਾਨੂੰਨ ਬਣਾਨੇ ਪਏ ਜਿਸ ਵਿਚ ਜੰਗ ਦੇ ਜਤਨਾਂ ਦੇ ਗਾਂਧੀ ਵਰਗੇ ਪਰਮ ਹਿਮਾਇਤੀ ਦੇ ਬੇਗਾਨਾ ਮਹਿਸੂਸ਼ ਕਰਨ ਦਾ ਖ਼ਤਰਾ ਸ਼ਾਮਲ ਸੀ। ਗਾਂਧੀ ਨੇ ਕੁਝ "ਸੁਧਾਰਾਂ" ਖ਼ਾਤਰ ਅੰਹਿਸਾ ਦਾ ਵੀ ਤਿਆਗ ਕਰ ਦਿੱਤਾ ਸੀ। ਇਹ ਹਾਲਤ ਅੰਗ੍ਰੇਜ਼ਾਂ ਦੇ ਮੁਸ਼ਕਲ ਪੈਦਾ ਕਰ ਸਕਨ ਵਾਲੇ ਲੋਕਾਂ ਬਾਰੇ ਡਰ ਨੂੰ ਜ਼ਾਹਿਰ ਕਰਦਾ ਹੈ।

ਸਾਜਿਸ਼ ਕੇਸਾ ਦੇ ਫ਼ੈਸਲਿਆਂ ਵਿਚ ਇਹ ਚੰਗੀ ਤਰ੍ਹਾਂ ਬਿਆਨਿਆ ਗਿਆ ਹੈ ਕਿ ਚਿੱਟੇ ਹਾਕਮਾਂ ਵਿੱਚ ਗ਼ਦਰ ਲਹਿਰ ਦਾ ਖੌਪੈਦਾ ਹੋ ਗਿਆ ਸੀ। ਪਹਿਲੇ ਕੇਸ ਦੇ ਫ਼ੈਸਲੇ ਦੇ ਪਾਰਟ 3, ਸੀ 3 (4) ਦੀਆਂ ਆਖਰੀ ਸਤਰਾਂ "ਫ਼ੌਜਿਆਂ ਨੂੰ ਲੁਭਾਉਣਾ" ਇਸ ਪ੍ਰਕਾਰ ਹਨ:-

"ਹਰ ਤਰ੍ਹਾਂ ਦੀਆਂ ਥਾਵਾਂ ਤੇ ਫੌਜ਼ੀਆਂ ਨੂੰ ਸ਼ਾਮਲ ਕਰਨ ਲਈ ਭਾਰੀ ਕੋਸ਼ਿਸ਼ਾਂ ਕੀਤੀਆ ਗਈਆਂ ਅਤੇ ਕਈ ਜਗ੍ਹਾ ਕਾਮਯਾਬੀ ਵੀ ਮਿਲੀ। ਪੁਲਿਸ ਦੁਆਰਾ 19 ਤਾਰੀਖ਼ ਨੂੰ ਮਾਰੇ ਗਏ ਛਾਪੇ ਕਰਕੇ ਇਕ ਗੰਭੀਰ ਵਿਦਰੋਹ ਟਲ ਗਿਆ ਜਿਸ ਕਰਕੇ ਕ੍ਰਾਂਤੀਕਾਰੀਆਂ ਤੋ ਉਹਨਾਂ ਦਾ ਹੈਡ ਕੁਆਟਰ ਖੋਹ ਲਿਆ ਗਿਆ ਅਤੇ ਉਹਨਾ ਦੇ ਆਗੂ ਤਿੱਤਰ-ਬਿੱਤਰ ਕਰ ਦਿੱਤੇ ਗਏ"।

ਨਾ-ਮਿਲਵਰਨ ਅੰਦੋਲਨ ਬਾਰੇ ਲਿਖਦਿਆਂ ਦਾਨਿਸ਼ਵਰ ਲਿਖਾਰੀ ਨੇ ਇਹ ਮੰਨਿਆ ਹੈ ਕਿ ਇਸ ਲਹਿਰ ਨੂੰ ਭੜਕਾਉਣ ਦੀ ਮੁੱਖ ਵਜਿਹ ਰੌਲੇਟ ਐਕਟ ਸੀ। ਡਾਕਟਰ ਤਾਰਾ ਚੰਦ ਨੇ ਇਸ ਤੱਥ ਨੂੰ ਵੀ ਨੋਟ ਕੀਤਾ ਹੈ ਕਿ ਬੰਗਾਲ ਮਹਾਰਾਸ਼ਟਰ ਅਤੇ ਦੇਸ਼ ਵਾਪਸ ਪਰਤੇ ਪ੍ਰਵਾਸੀਆਂ, ਗ਼ਦਰੀਆਂ ਦੀਆਂ ਪਹਿਲੀ ਆਲਮੀ ਜੰਗ ਵੇਲੇ ਛੇੜੀਆਂ ਲਹਿਰਾਂ ਕਰਕੇ ਬ੍ਰਿਟਿਸ਼ ਹਾਕਮਾਂ ਨੂੰ ਜੋ ਖ਼ੌਫ਼ ਮਹਿਸੂਸ ਹੋਇਆ, ਉਸ ਕਰਕੇ ਰੌਲੇਟ ਐਕਟ ਪਾਸ ਕੀਤਾ ਗਿਆ।

ਸੂਝਵਾਨ ਇਤਿਹਾਸਕਾਰ ਅਨੁਸਾਰ ਇਹ ਲਾਲਾ ਹਰਦਿਆਲ ਦੇ ਦਿਮਾਗ ਦੀ ਕਾਢ ਸੀ ਜਿਸ ਦੇ ਅਮਰੀਕਾ 'ਚੋਂ ਗ੍ਰਿਫ਼ਤਾਰ ਹੋਣ ਤੋਂ ਬਚਣ ਲਈ, 25.3.1914 ਨੂੰ ਉਥੋਂ ਚਲੇ ਜਾਣ ਉਪਰੰਤ, ਇਹ ਲਹਿਰ ਖ਼ਤਮ ਹੋ ਗਈ। ਇਸ ਪ੍ਰਕਾਰ ਡਾਕਟਰ ਤਾਰਾ ਚੰਦ ਅਨੁਸਾਰ ਗ਼ਦਰ ਲਹਿਰ ਅਗਸਤ 1914 ਨੂੰ ਜੰਗ ਛਿੜਣ ਤੋਂ ਪੰਜ ਮਹੀਨੇ ਪਹਿਲੇ ਖ਼ਤਮ ਹੋ ਗਈ। ਇਸ ਪ੍ਰਕਾਰ ਦਾ ਰਵੱਈਆ ਸਾਫ਼ ਜ਼ਾਹਿਰ ਕਰਦਾ ਹੈ ਕਿ ਕ੍ਰਾਂਤੀਕਾਰੀ ਲਹਿਰਾਂ ਤੇ ਪਰਦਾ ਪਾ ਕੇ ਕੇਵਲ 1947 ਦੀ 'ਸ਼ਾਂਤ ਅਤੇ ਲਹੂ ਰਹਿਤ' ਸੱਤਾ ਤਬਦੀਲੀ ਦੀ ਗੱਲ ਤੇ ਅੰਨ੍ਹੇਵਾਹ ਕਾਇਮ ਰਿਹਾ ਜਾ ਸਕੇ।

ਨਾਲ ਹੀ ਜੇ ਅਸੀਂ ਡਾਕਟਰ ਤਾਰਾ ਚੰਦ ਦੇ ਜਿਲਦ 3 ਅਧਿਆਏ 11 ਵਿਚ ਦਿਤੇ ਗਏ ਨਾ-ਮਿਲਵਰਨ ਅੰਦੋਲਨ ਦੇ ਬਿਆਨ ਨੂੰ ਪੜ੍ਹੀਏ ਤਾਂ 5.2.1922 ਨੂੰ ਇਸ ਲਹਿਰ ਨੂੰ ਮੁਲਤਵੀ ਕਰਨ ਦਾ ਗਾਂਧੀ ਦਾ ਤਰੀਕਾ ਬਹੁਤ ਕੁਝ ਦਰਸਾਉਂਦਾ ਹੈ। ਉਸ ਨੇ ਆਪਹੁਦਰੇ ਤਰੀਕੇ ਨਾਲ ਕਿਸੇ ਹੋਰ ਤੋ ਸਲਾਹ ਕੀਤੇ ਬਗੈਰ ਇਸ ਮੁਹਿਮ ਨੂੰ ਬੰਦ ਕਰ ਦਿੱਤਾ ਅਤੇ ਫਿਰ 12.2.1922 ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ ਅਤੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਗਈ। ਉਸ ਨੇ ਕਿਸੇ ਨਾਲ ਵੀ ਸਲਾਹ ਨਹੀਂ ਕੀਤੀ। ਪੰਡਿਤ ਜਵਾਹਰ ਲਾਲ ਨਹਿਰੂ ਨਾਲ ਵੀ ਨਹੀਂ, ਜੋ ਕਿ ਇਸ ਲਹਿਰ ਦੇ ਸਬੰਧ ਵਿਚ ਕਸਨ। ਇਸ ਇੱਛਾਪ੍ਰੇਰਿਤ ਫ਼ੈਸਲੇ ਪਿੱਛੇ ਜੋ ਵੀ ਕਾਰਨ ਹੋਵੇ, ਇਸ ਨੂੰ ਜਮਹੂਰੀਅਤਮੁਖੀ ਨਹੀਂ ਕਿਹਾ ਜਾ ਸਕਦਾ ਬਲਕਿ ਇਕ ਤੋਂ ਵੱਧ ਇਤਿਹਾਸਿਕ ਮੌਕਿਆਂ ਤੇ ਗਾਂਧੀ ਨੇ ਕੇਵਲ ਆਪਣੀ ਅੰਦਰਲੀ ਅਵਾਜ਼ ਨੂੰ ਹੀ ਸਭ ਤੋਂ ਵੱਧ ਮਹੱਤਾ ਦਿੱਤੀ ਅਤੇ ਹੋਰ ਕਿਸੇ ਚੀਜ਼ ਨੂੰ ਨਹੀਂ। ਇਹ ਵਿਸ਼ੇਸ਼ ਅਧਿਕਾਰ ਕੇਵਲ ਉਸ ਕੋਲ ਸੀ ਅਤੇ ਹੋਰ ਕਿਸੇ ਦੀ ਵੀ ਕੋਈ ਮਹਤਾ ਨਹੀਂ ਸੀ।

ਅੰਗ੍ਰੇਜ਼ਾਂ ਨੂੰ ਪਹਿਲੀ ਆਲਮੀ ਜੰਗ ਦੌਰਾਨ, ਬਿਨਾਂ ਸ਼ਰਤ ਸਹਿਯੋਗ ਦੇਣ ਦੇ ਫ਼ੈਸਲੇ ਪਿੱਛੇ ਜੰਗ ਦੇ ਬਾਅਦ ਰਿਆਇਤਾਂ ਪ੍ਰਾਪਤ ਹੋਣ ਦੀ ਉਮੀਦ ਕਰਨ ਵੇਲੇ ਉਹ ਚਿੱਟੇ ਹਾਕਮਾਂ ਦੀ ਅੰਦਰਲੀ ਅਵਾਜ਼ ਨੂੰ ਪਛਾਣਨ ਵਿਚ ਨਾਕਾਮ ਰਿਹਾ ਜਿਸ ਨੇ ਕਿ ਸਾਨੂੰ ਰੌਲੇਟ ਐਕਟ ਅਤੇ ਜਲਿਆਂਵਾਲੇ ਬਾਗ ਦੇ ਕਨਾਲ ਨਵਾਜ਼ਿਆ। ਇਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਮਿਸਟਰ ਐਮ.ਏ.ਜਿਨਾਹ ਵਰਗੇ ਨਰਮ ਸਹਿਯੋਗੀ ਵੀ ਅੰਗ੍ਰੇਜ਼ਾ ਦੇ ਜੰਗੀ ਜਤਨਾ ਦੀ ਹਿਮਾਇਤ ਕਰਨ ਲਈ ਕੇਵਲ ਉਸੇ ਸੂਰਤ ਵਿਚ ਤਿਆਰ ਸਨ ਜੇ ਅੰਗ੍ਰੇਜ਼ ਜੰਗ ਦੇ ਬਾਅਦ ਭਾਰਤੀਆਂ ਨੂੰ ਪੁਖ਼ਤਾ ਅਤੇ ਸਪਸ਼ਟ ਤੌਰ ਤੇ ਖਾਸ਼ ਰਿਆਇਤਾਂ ਦੇਣ ਦਾ ਵਾਅਦਾ ਕਰਨ।

ਪਹਿਲੀ ਆਲਮੀ ਜੰਗ ਦੌਰਾਨ ਗ਼ਦਰ ੀਆਂ ਅਤੇ ਹੋਰ ਕ੍ਰਾਂਤੀਕਾਰੀਆਂ ਦੀ ਰਾਏ ਅਨੁਸਾਰ ਅੰਗ੍ਰੇਜ਼ ਹੁਕਮਰਾਨ ਨੂੰ ਭਾਰਤ ਤੋਂ ਖਦੇੜ ਦੇਣ ਦਾ ਇਹ ਸੁਨਹਿਰੀ ਮੌਕਾ ਸੀ। ਗਾਂਧੀ ਨੇ ਵੀ ਦੂਜੀ ਆਲਮੀ ਜੰਗ ਵੇਲੇ ਏਸੇ ਪੈਂਤੜੇ ਦਾ ਅਨੁਕਰਨ ਕੀਤਾ ਜਦੋਂ ਉਹਨਾਂ ਨੇ ਅੰਗ੍ਰੇਜ਼ਾ ਨੂੰ "ਭਾਰਤ ਛੱਡੋ" ਅਤੇ ਦੇਸ਼ਵਾਸੀਆਂ ਨੂੰ "ਕਰੋ ਜਾਂ ਮਰੋ" ਦਾ ਹੁੰਗਾਰਾ ਦਿੱਤਾ।ਇਸ ਪ੍ਰਕਾਰ ਇਕੋ ਵਰਗੀ ਸਥਿਤੀ ਵਿਚ ਗਾਂਧੀ ਦੀ ਸੋਚ ਗ਼ਦਰੀਆਂ ਅਤੇ ਦੂਜੀ ਇੰਨਕਲਾਬੀ ਪਾਰਟੀਆਂ ਦੇ ਪੈਂਤੜੇ ਦੀ ਪ੍ਰੋੜ੍ਹਤਾ ਕਰਦੀ ਹੈ।

ਹਾਲਾਂਕਿ ਭਾਰੀ ਤਸ਼ੱਦਦ ਅਤੇ ਦਮਨ ਕਾਰਨ "ਭਾਰਤ ਛੱਡੋ" ਅੰਦੋਲਨ ਇਕ ਸਾਲ ਦੇ ਵਿਚਕਾਰ ਹੀ ਫੁੱਸ ਹੋ ਗਿਆ ਜਦੋਂ ਸਰਕਾਰ, ਪੁਲਿਸ ਅਤੇ ਫ਼ੌਜ ਵਲੋਂ ਸੈਂਕੜੇ ਹਜ਼ਾਰਾਂ ਅੰਦੋਲਨਕਾਰੀਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ ਸੀ।

ਤਾਂ ਫਿਰ ਹਕੀਕਤ ਵਿਚ ਕੀ ਕਾਰਨ ਸਨ ਜਿਹਨਾਂ ਨੇ ਅੰਗ੍ਰੇਜ਼ਾ ਨੂੰ 1947 ਵਿਚ ਆਪਣਾ ਬੋਰੀਆ ਬਿਸਤਰਾ ਗੋਲ ਕਰਕੇ ਭਾਰਤ ਛਡਣ ਲਈ ਮਜਬੂਰ ਕਰ ਦਿੱਤਾ? ਇਸ ਦਾ ਜਵਾਬ ਜਾਣਨ ਲਈ, ਆਓ 20ਵੀਂ ਸਦੀ ਦੀ ਅਜ਼ਾਦੀ ਦੇ ਵਿਆਪਕ ਰੂਪ ਵਿਚ ਝਾਤ ਮਾਰੀਏ:

- 1914-15 ਵਿਚ ਗ਼ਦਰ ਲਹਿਰ ਠੁੱਸ ਹੋ ਗਈ।
- ਬਗੈਰ ਕਿਸੇ ਠੋਸ ਨਤੀਜੇ ਤੇ ਨਾ-ਮਿਲਵਰਨ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ ਸੀ।

- ਨਾਗਰਿਕ ਨਾਫ਼ਰਮਾਬਰਦਾਰੀ (ਸਿਵਲ ਡਿਸਓਬੀਡੀਏਂਸ) ਅੰਦੋਲਨ ਦੇ ਨਤੀਜੇ ਵਜੋਂ ਮਾਰਚ, 1931 ਵਿਚ ਗਾਂਧੀ-ਇਰਵਿਨ ਸਮਝੌਤਾ ਹੋਇਆ ਜਿਸ ਨੂੰ ਗਾਂਧੀ ਦੁਆਰਾ "ਸਰਕਾਰ ਅਤੇ ਲੋਕ ਦੋਹਾਂ ਦੀ ਜਿੱਤ ਦੇ ਤੌਰ ਤੇ ਪੇਸ਼ ਕੀਤਾ ਗਿਆ"

- 1942 ਦਾ ਭਾਰਤ ਛੱਡੋ ਅੰਦੋਲਨ ਵੀ ਖਿੰਡ ਗਿਆ ਸੀ।

    - ਨੇਤਾ ਜੀ ਦੀ ਭਾਰਤੀ ਰਾਸ਼ਟਰੀ ਆਰਮੀ ਦੇ "ਦਿੱਲੀ ਚੱਲੋ" ਦੀ ਹੁੰਕਾਰ ਨੂੰ ਵੀ ਠੱਲ ਪੈ ਗਈ ਸੀ ਅਤੇ ਉਸਨੂੰ ਦਿੱਲੀ ਤੋ ਦੂਰ ਖਦੇੜ ਦਿੱਤਾ ਗਿਆ ਸੀ ਪ੍ਰੰਤੂ ਇਸੇ "ਪਿੱਛੇ ਹਟਣ ਅਤੇ ਹਾਰਨ" ਦੇ ਕਾਰਨ ਅਜ਼ਾਦੀ ਦੀ ਲੜਾਈ ਆਪਣੀ ਸਿਖਰ ਤੇ ਪੁੱਜੀ।

**ਅੰਤ**

ਦਿੱਲੀ ਵਿਖੇ ਮੁਗਲ ਸਲਤਨਤ ਦੇ ਪ੍ਰਤੀਕ "ਲਾਲ ਕਿਲੇ" ਨੂੰ ਆਈ.ਐਨ.ਏ. ਦੇ ਹੀਰੋ ਢਿੱਲੋ, ਸਹਿਗਲ ਅਤੇ ਸ਼ਾਹਨਵਾਜ਼ ਲਈ ਮੁਕੱਦਮਾ ਚਲਾਉਣ ਲਈ ਇਕ ਕਮਰੇ ਵਿਚ ਤਬਦੀਲ ਕਰ ਦਿੱਤਾ ਗਿਆ।

ਬ੍ਰਿਟਿਸ਼ ਆਰਮੀ ਦੇ ਇਹਨਾ ਭੂਤਪੂਰਵ ਫੌਜੀਆਂ ਦੀ "ਦੁਸ਼ਮਨ" ਵਿਚ ਸਮੂਲੀਅਤ ਕਾਰਨ ਉਹਨਾਂ ਦੁਆਰਾ ਰਾਜਾ ਬਾਦਸ਼ਾਹ ਪ੍ਰਤੀ ਵਫ਼ਾਦਾਰੀ ਦੀ ਖਾਦੀ ਸੌਂਹ ਦੀ ਉਲੰਘਣਾ ਦੇ ਦੋਸ਼ ਵਜੋਂ ਇਹ ਟਰਾਇਲ ਚਲਾਇਆ ਗਿਆ। ਇਸ ਦਾ ਮਕਸਦ ਫ਼ੌਜੀਆਂ ਦੁਆਰਾ ਭਵਿੱਖ ਵਿਚ ਕੀਤੇ ਜਾ ਸਕਨ ਵਾਲੀ ਅਜਿਹੀ ਹਰ ਹਰਕਤ ਤੇ ਨਕੇਲ ਪਾਉਣਾ ਸੀ।

ਇਸ ਮੁਕੱਦਮੇ ਕਰਕੇ ਨਾ ਸਿਰਫ਼ ਆਮ ਜਨਤਾ ਭੜਕ ਉੱਠੀ ਅਤੇ ਭਾਰਤ ਦੇ ਇਹਨਾਂ ਬਹਾਦਰ ਪੁਤੱਰਾਂ ਦੀ ਹਿਮਾਇਤ ਵਿਚ ਉਤਰ ਆਈ, ਬਲਕਿ ਰਿਵਾਇਤਨ ਗ਼ੈਰ ਸਿਆਸੀ ਭਾਰਤੀ ਫ਼ੌਜੀਆਂ ਦਾ ਗੁੱਸਾ ਵੀ ਉੱਬਲ ਪਿਆ।

ਮੁਲਕ ਦੀ ਹਰ ਗਲੀ ਕੂਚੇ ਵਿਚ ਆਪ ਮੁਹਾਰੇ ਇਹ ਨਾਰਾ ਗੂੰਜ ਉੱਠਿਆ

"ਲਾਲ ਕਿਲੇ ਸੇ ਆਈ ਅਵਾਜ਼, ਸਹਿਗਲ ਢਿੱਲੋ ਸ਼ਾਹਨਵਾਜ਼"

ਇਸ ਨਾਲ ਸਾਰਾ ਮਾਹੌਲ ਭੱਖ ਗਿਆ।

18 ਫਰਵਰੀ, 1946 ਨੂੰ ਰੋਇਲ ਇੰਡੀਅਨ ਆਰਮੀ ਦੇ ਬੰਬਈ ਹਾਰਬਰ ਦੇ ਜ਼ਿਆਦਾਤਰ ਨੌਸੈਨਿਕਾਂ ਨੇ ਉਚੇਰੀ ਮਜਦੂਰੀ ਲਈ ਹੜਤਾਲ ਕੀਤੀ। ਅਗਲੇ ਦਿਨ ਇਹਨਾ "ਬਾਗੀਆਂ" ਵਿਚੋ, ਜਿਵੇਂ ਕਿ ਅੰਗ੍ਰੇਜ਼ ਉਹਨਾਂ ਨੂੰ ਸਮਝਦੇ ਸਨ, 3000 ਨੇ ਬੰਬਈ ਵਿਚ ਮਾਰਚ ਕੀਤਾ। ਜਿਸ ਨਾਲ ਲੱਖਾਂ ਲੋਕ ਗਲੀਆਂ ਵਿਚ ਉਹਨਾ ਦੀ ਹਿਮਾਇਤ ਲਈ ਉੱਠ ਖੜ੍ਹੇ ਹੋਏ।

ਰੋਇਲ ਨੇਵੀ ਦੇ ਹਿੰਮਜ਼ ਤਲਵਾਰ ਅਤੇ ਹਿੰਮਜ਼ ਲਾਹੌਰ ਜਹਾਜਾਂ 'ਤੇ ਬਰਤਾਨਵੀ ਝੰਡੇ ਦੀ ਜਗ੍ਹਾ ਤਿੰਰਗਾ ਝੰਡਾ ਲਹਿਰਾ ਉੱਠਿਆ। ਬਹੁਤ ਸਾਰੇ ਬਾਗੀ ਉਤਸ਼ਾਹਿਤ ਨੌਸੈਨਿਕਾਂ ਦੀਆਂ ਟੋਪੀਆ ਤੇ ਵੀ ਤਿੰਰਗਾ ਲਹਿਰਾਇਆ ਅਤੇ ਇੰਡੀਅਨ ਨੈਸ਼ਨਲ ਆਰਮੀ ਦੀ ਤਰਜ਼ ਤੇ ਉਹਨਾਂ ਨੇ ਆਪਣੇ ਆਪ ਨੂੰ ਆਈ.ਐਨ.ਐਨ ਆਖਿਆ।

ਇਹ ਮਹਜ਼ ਇਤਫ਼ਾਕਨਹੀਂ ਹੋ ਸਕਦਾ ਕਿ 18 ਫਰਵਰੀ ਦੀ ਸਵੇਰ ਨੋਸੈਨਾ ਦੀ ਬਗ਼ਾਵਤ ਛਿੜੀ ਅਤੇ ਉਸੇ ਦਿਨ ਸ਼ਾਮ ਨੂੰ ਬਰਤਾਨਵੀ ਪ੍ਰਧਾਨ ਮੰਤਰੀ ਸ੍ਰੀ ਐਟਲੀ ਨੇ ਹਾਊਸ ਆਫ ਲੌਰ੍ਹਡ ਵਿਚ ਇਹ ਬਿਆਨ ਦਿੱਤਾ ਕਿ ਇਕ ਕੇਬਿਨੈਟ ਮਿਸ਼ਨ ਨੂੰ ਭਾਰਤ ਭੇਜਿਆ ਜਾ ਰਿਹਾ ਹੈ ਤਾਂ ਜੋ ਸੱਤਾ ਤਬਦੀਲੀ ਦਾ ਤੌਰ ਤਰੀਕਾ ਭਾਰਤੀ ਲੀਡਰਾਂ ਨਾਲ ਤੈਅ ਕੀਤਾ ਜਾ ਸਕੇ।

ਬਰਤਾਨਵੀ ਪ੍ਰਧਾਨ ਮੰਤਰੀ ਕੈਲਮੈਂਟ ਐਟਲੀ, ਜਿਸ ਦੀ ਹਕੂਮਤ ਦੌਰਾਨ ਭਾਰਤ ਅਜ਼ਾਦ ਹੋਇਆ, ਦੇ ਅਨੁਸਾਰ ਇਹ ਆਈ.ਐਨ.ਏ. ਅਤੇ ਆਰ.ਆਈ.ਐਨ. ਦੀ ਫਰਵਰੀ 18-23 ਦੀ ਬਗ਼ਾਵਤ ਹੀ ਸੀ, ਜਿਸ ਨੇ ਅੰਗ੍ਰੇਜ਼ਾਂ ਨੂੰ ਇਸ ਗੱਲ ਦਾ ਯਕੀਨ ਦਵਾਇਆ ਕਿ ਹੁਣ ਭਾਰਤ ਤੋਂ ਚੱਲੇ ਜਾਣ ਦਾ ਸਮਾਂ ਆ ਗਿਆ ਹੈ।

ਕਲਕਤਾ ਹਾਈ ਕੋਰਟ ਦੇ ਪੂਰਵ ਜਸਟਿਸ ਸ੍ਰੀ ਪੀ.ਵੀ.ਚਕਰਵਰਤੀ ਦੁਆਰਾ 30 ਮਾਰਚ, 1976 ਨੂੰ ਲਿਖੀ ਇਕ ਚਿੱਠੀ ਅਨੁਸਾਰ, "ਜਦੋਂ ਮੈਂ 1956 ਵਿਚ ਬੰਗਾਲ ਦੇ ਗਵਰਨਰ ਦੇ ਤੌਰ ਤੇ ਕੰਮ ਕਰ ਰਿਹਾ ਸੀ ਤਾਂ ਲੌਰਡ ਕਲੈਮੈਂਟ ਐਟਲੀ, ਜੋ ਕਿ ਜੰਗ ਦੇ ਬਾਅਦ ਵਾਲੇ ਸਾਲਾਂ ਵਿਚ ਬਰਤਾਨਵੀ ਪ੍ਰਧਾਨ ਮੰਤਰੀ ਸਨ ਅਤੇ ਭਾਰਤ ਦੀ ਅਜ਼ਾਦੀ ਲਈ ਜ਼ਿੰਮੇਵਾਰ ਸਨ, ਨੇ ਭਾਰਤ ਦਾ ਦੌਰਾ ਕੀਤਾ ਅਤੇ ਕਲਕਤਾ ਰਾਜ ਭਵਨ ਵਿਖੇ ਦੋ ਦਿਨ ਲਈ ਠਹਿਰੇ......ਮੈਂ ਉਹਨਾਂ ਨੂੰ ਸਿੱਧੇ ਤੌਰ ਤੇ ਪੁਛਿੱਆ: "1947 ਤੋਂ ਬਹੁਤ ਪਹਿਲੇ ਮਹਾਤਮਾ ਗਾਂਧੀ ਦੀ ਭਾਰਤ ਛੱਡੋ ਅੰਦੋਲਨ ਅਮਲੀ ਰੂਪ ਵਿਚ ਖ਼ਤਮ ਹੋ ਚੁਕਿਆ ਸੀ ਅਤੇ ਉਸ ਸਮੇਂ ਭਾਰਤ ਦੇ ਹਾਲਾਤ ਵਿਚ ਵੀ ਕੁਝ ਅਜਿਹਾ ਨਹੀਂ ਸੀ ਕਿ ਅੰਗ੍ਰੇਜ਼ ਜਲਦੀ ਕਿਤੇ ਭਾਰਤ ਨੂੰ ਛੱਡਣ ਲਈ ਮਜਬੂਰ ਹੁੰਦੇ, ਤਾਂ ਫਿਰ ਉਹਨਾਂ ਨੇ ਇੰਝ ਕਿਉਂ ਕੀਤਾ?"

ਜਵਾਬ ਵਿਚ, ਐਟਲੀ ਨੇ ਕਈ ਕਾਰਨ ਦੱਸੇ ਅਤ ਉਹਨਾਂ ਵਿਚੋਂ ਸਭ ਤੋ ਮਹੱਤਵਪੂਰਨ ਸੀ ਨੇਤਾ ਜੀ ਸੁਭਾਸ਼ ਚੰਦਰ ਬੋਸ, ਦੀ ਆਈ.ਐਨ.ਏ. ਦੀਆਂ ਸਰਗਰਮੀਆਂ ਜਿਸ ਨੇ ਭਾਰਤ ਵਿਚ ਬ੍ਰਿਟਿਸ਼ ਰਾਜ ਦੀ ਨੀਂਹ ਨੂੰ ਕਮਜ਼ੋਰ ਕਰ ਦਿੱਤਾ ਸੀ ਅਤੇ ਆਰ.ਆਈ.ਐਨ. ਬਗ਼ਾਵਤ ਜਿਸ ਨੇ ਅੰਗ੍ਰੇਜ਼ਾ ਨੂੰ ਇਹ ਗੱਲ ਚੇਤੇ ਦੁਆ ਦਿੱਤੀ ਸੀ ਕਿ ਅੰਗ੍ਰੇਜਾਂ ਦੀ ਮਦਦ ਕਰਨ ਲਈ ਹੁਣ ਭਾਰਤੀ ਫ਼ੌਜਾ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ।ਜਦੋਂ ਪੁਛਿੱਆ ਕਿ ਮਹਾਤਮਾ ਗਾਂਧੀ ਦੇ 1942 ਦੇ ਅੰਦੋਲਨ ਦਾ ਅੰਗ੍ਰੇਜਾਂ ਦੁਆਰਾ ਭਾਰਤ ਛੱਡਣ ਦੇ ਫੈਸਲੇ ਤੇ ਕਿੰਨਾ ਅਸਰ ਪਿਆ ਸੀ, ਤਾਂ ਸ੍ਰੀ ਐਟਲੀ ਨੇ ਹਿਕਾਰਤ ਭਰੀ ਮੁਸਕਰਾਹਟ ਨਾਲ ਹੌਲੀ ਜਿਹੇ ਕਿਹਾ, "ਨਾ ਮਾਤਰ"।(ਦ ਟ੍ਰਿਬਿਊਨ ਆਫ ਸੰਡੇ, ਫਰਵਰੀ 12,2006, 'ਸਪੈਕਟਰਮ, ਪੇਜ਼ 11)

"ਬਾਗ਼ੀਆਂ" ਨੂੰ 22 ਫਰਵਰੀ, 1946 ਨੂੰ ਇਹ ਕਿਹਾ ਗਿਆ ਕਿ ਸਿਰਫ਼ "ਬਿਨਾਂ ਸ਼ਰਤ ਸਮਰਪਨ" ਹੀ ਸਵੀਕਾਰ ਕੀਤਾ ਜਾਵੇਗਾ। ਜਨਰਲ ਆਰ.ਐਮ ਲੋਕਹਾਰ੍ਹਟ ਜਿਨ੍ਹਾਂ ਦੇ ਜ਼ੇਰੇ ਕਮਾਨ ਬੰਬਈ ਸੀ, ਕੋਲ "ਬਹੁਤ ਮਾਤਰਾ ਵਿਚ ਫ਼ੌਜ" ਉਪਲਬੱਧ ਸੀ। ਫੀਲਡ ਮਾਰਸ਼ਲ ਵੈਵਲ, ਜੋ ਕਿ ਵਾਈਸਰਾਏ ਸੀ, ਨੇ ਕਿਹਾ ਕਿ "ਜੇ ਜਹਾਜ਼ਾਂ ਵਲੋਂ ਗੋਲੀਬਾਰੀ ਕੀਤੀ ਗਈ ਤਾਂ ਉਹਨਾਂ ਨੂੰ ਡਬੋ ਦੇਣਾ ਪਵੇਗਾ"।

ਕਾਂਗਰਸ ਦਾ "ਲੋਹ ਪੁਰਸ਼" ਸਰਦਾਰ ਵਲੱਭ ਭਾਈ ਪਟੇਲ ਬੰਬਈ ਵਿਖੇ ਜਹਾਜ਼ਾਂ ਤੇ ਗਿਆ ਅਤੇ ਨੌਂ-ਸੈਨਿਕਾ ਨੂੰ ਬਗੈਰ ਗੋਲਾਬਾਰੀ ਦੇ ਬਿਨਾ ਸ਼ਰਤ ਆਤਮ ਸਮਰਪਨ ਕਰਨ ਲਈ ਆਖਿਆ, ਜੋ ਕਿ ਉਹਨਾਂ ਨੇ ਕਰ ਦਿੱਤਾ। ਕਰਾਚੀ ਦੀ ਬੰਦਰਗਾਹ ਤੇ ਵੀ ਨੌਂ-ਸੈਨਕਾ ਨੇ ਆਪਣੇ ਬੰਬਈ ਦੇ ਕਾਮਰੇਡਾਂ ਦਾ ਅਨੁਕਰਨ ਕੀਤਾ ਅਤੇ ਉਹਨਾਂ ਨੇ ਵੀ ਆਤਮ ਸਮਰਪਨ ਕਰ ਦਿੱਤਾ।

ਪ੍ਰੰਤੂ ਇਹ ਸਭ ਹਜ਼ਾਰਾਂ ਬੰਬਈ ਵਾਸੀਆਂ ਦੇ ਸੜਕਾਂ ਉਤੇ ਉੱਤਰ ਆਉਣ ਅਤੇ ਨੌਂ-ਸੈਨਿਕ ਬਾਗੀਆਂ ਨੂੰ ਦਰਪੇਸ਼ ਖ਼ਤਰੇ ਵਿਰੁਧ ਵਿਰੋਧ ਕਰਨ ਮਗਰੋ ਹੀ ਹੋ ਸਕਿਆ ਸੀ। ਵਿਰੋਧ ਕਰ ਰਹੇ ਜਲੂਸ ਤੇ ਅੰਨ੍ਹਾਧੁੰਨ੍ਹ ਗੋਲੀਆਂ ਵਰ੍ਹਾਈਆਂ ਗਈਆਂ ਜਿਸ ਨਾਲ 200 ਲੋਕਾਂ ਦੀ ਮੌਤ ਹ ਗਈ।ਇਸ ਪ੍ਰਕਾਰ ਬਹੁਤ ਸਾਰੇ ਭਾਰਤੀਆਂ ਨੂੰ ਇਹ 1857 ਦਾ ਦੁਹਰਾਵ ਹੀ ਜਾਪਿਆ। ਉਰਦੂ ਦੇ ਸ਼ਾਇਰ ਨੇ ਉਦੋਂ ਕਿਹਾ," ਜਨਤਾ ਕਾ ਲਹੂ ਫ਼ੌਜੋਂ ਸੇ ਮਿਲਾ, ਫੌਜ਼ੋਂ ਕਾ ਲਹੂ ਜਨਤਾ ਸੇ ਮਿਲਾ"।

ਨਾਗਰਿਕਾਂ ਅਤੇ ਫ਼ੌਜੀਆਂ ਦੇ ਲਹੂ ਦੇ ਇਸ ਸੰਗਮ ਨੇ ਅੰਗ੍ਰੇਜ਼ੀ ਹਾਕਮਾਂ ਨੂੰ ਡਰਾ ਦਿੱਤਾ ਅਤੇ ਉਹਨਾ ਦੀ ਨੀਂਦ ਉੱਡ ਗਈ। 1857 ਦਾ ਸਾਕਾ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਨੱਚਣ ਲੱਗਾ। ਉਹਨਾਂ ਨੇ ਅਖ਼ੀਰ ਜਲਦੀ ਨਾਲ ਬੋਰੀਆ ਬਿਸਤਰਾ ਗੋਲ ਕਰਕੇ ਭਾਰਤ ਛੱਡਣ ਦਾ ਫ਼ੈਸਲਾ ਕੀਤਾ। ਇਸ ਪ੍ਰਕਾਰ ਅੰਗ੍ਰੇਜ਼ਾ ਦੇ ਭਾਰਤ ਛੱਡਣ ਵਿਚ ਇਹ ਆਖਰੀ ਸੱਟ ਸਾਬਤ ਹੋਈ।

ਅੰਤ ਵਿਚ ਇਸ ਪੇਸ਼ਕਸ਼ ਦਾ ਮੰਤਵ ਇਨ੍ਹਾਂ ਹੀ ਹੈ ਕਿ ਭਾਰਤ ਦੀ ਅਜ਼ਾਦੀ ਦੇ ਸੰਗ੍ਰਾਮ ਦੀ ਬਹੁ-ਕੇਂਦਰੀ ਅਤੇ ਬਹ-ਅਯਾਮੀ ਪ੍ਰਕਿਰਤੀ ਨੂੰ ਰੋਸ਼ਨੀ ਵਿਚ ਲਿਆਇਆ ਜਾ ਸਕੇ।

-------